# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
22 ਫ਼ਰਵਰੀ, 2024

ਵਿੱਤ ਮੰਤਰਾਲਾ

**ਬੱਜਟ 2024: ਬੀ.ਸੀ. ਵਿੱਚ ਲੋਕਾਂ ਅਤੇ ਪਰਿਵਾਰਾਂ ਲਈ ਕਾਰਵਾਈ ਕਰਦਾ ਹੈ**

ਵਿਕਟੋਰੀਆ – ਬੱਜਟ 2024 ਉਨ੍ਹਾਂ ਵੱਡੀਆਂ ਚੁਣੌਤੀਆਂ ਨਾਲ ਨਜਿੱਠਦਾ ਹੈ ਜਿਨ੍ਹਾਂ ਦਾ ਲੋਕ ਅੱਜ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿੱਚ ਰੋਜ਼ਾਨਾ ਖਰਚਿਆਂ ਵਿੱਚ ਮਦਦ ਕਰਨਾ, ਵਧੇਰੇ ਘਰ ਹੋਰ ਤੇਜ਼ੀ ਨਾਲ ਉਪਲਬਧ ਕਰਵਾਉਣਾ, ਸਿਹਤ ਸੰਭਾਲ ਅਤੇ ਸੇਵਾਵਾਂ ਨੂੰ ਮਜ਼ਬੂਤ ਕਰਨਾ, ਅਤੇ ਹੋਰ ਮਜ਼ਬੂਤ, ਵਾਤਾਵਰਨ ਪੱਖੋਂ ਸਾਫ ਸੁਥਰੀ ਆਰਥਿਕਤਾ ਦਾ ਨਿਰਮਾਣ ਕਰਨਾ ਸ਼ਾਮਲ ਹੈ।

"ਅਸੀਂ ਭਾਂਵੇ ਜਿੱਥੇ ਵੀ ਰਹੀਏ - ਸ਼ਹਿਰ, ਕਸਬੇ, ਪੇਂਡੂ ਇਲਾਕੇ ਜਾਂ ਫਰਸਟ ਨੇਸ਼ਨਜ਼ ਕਮਿਊਨਿਟੀ - ਅਸੀਂ ਸਾਰੇ ਇੱਕ ਵਧੀਆ, ਕਿਫ਼ਾਇਤੀ ਘਰ, ਵਧੀਆ ਸਿਹਤ ਸੰਭਾਲ, ਲੋੜ ਪੈਣ 'ਤੇ ਮਦਦ ਅਤੇ ਹਰ ਕਿਸੇ ਲਈ ਮੌਕਿਆਂ ਨਾਲ ਭਰਪੂਰ ਮਜ਼ਬੂਤ ਭਵਿੱਖ ਚਾਹੁੰਦੇ ਹਾਂ," ਵਿੱਤ ਮੰਤਰੀ ਕਟਰੀਨ ਕੌਨਰੋਏ ਨੇ ਕਿਹਾ। "ਮਹਿੰਗਾਈ ਅਤੇ ਉੱਚ ਵਿਆਜ ਦਰਾਂ ਵਰਗੀਆਂ ਵਿਸ਼ਵ ਪੱਧਰ ਦੀਆਂ ਚੁਣੌਤੀਆਂ ਦੇ ਚੱਲਦਿਆਂ, ਅਸੀਂ ਵੱਡੀਆਂ ਚੁਣੌਤੀਆਂ ਨਾਲ ਨਜਿੱਠ ਰਹੇ ਹਾਂ ਅਤੇ ਲੋਕਾਂ ਨੂੰ ਬੀ.ਸੀ. ਵਿੱਚ ਚੰਗਾ ਜੀਵਨ ਗੁਜ਼ਾਰਨ ਵਿੱਚ ਸਹਿਯੋਗ ਦੇ ਰਹੇ ਹਾਂ।"

ਬੱਜਟ 2024 ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਹੋਰ ਉੱਜਲ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਮਹੱਤਵਪੂਰਨ ਨਿਵੇਸ਼ ਕਰਨ ਦੇ ਨਾਲ ਨਾਲ ਤੁਰੰਤ ਸਹਿਯੋਗ ਵੀ ਪ੍ਰਦਾਨ ਕਰਦਾ ਹੈ। ਵਿਸ਼ਵ ਭਰ ਵਿੱਚ ਮਹਿੰਗਾਈ ਦੇ ਪ੍ਰਭਾਵਾਂ ਦੇ ਚੱਲਦਿਆਂ, ਲੋਕਾਂ ਦੀ ਮਦਦ ਕਰਨ ਲਈ, 'ਬੀ ਸੀ ਫੈਮਿਲੀ ਬੈਨੀਫਿਟ ਬੋਨਸ' (BC Family Benefit Bonus) ਦਾ ਮਤਲਬ ਵਧੇਰੇ ਪਰਿਵਾਰਾਂ ਲਈ ਵਧੇਰੇ ਪੈਸਾ ਹੋਵੇਗਾ। 2024 ਵਿੱਚ 340,000 ਤੋਂ ਵੱਧ ਪਰਿਵਾਰਾਂ ਨੂੰ ਉਨ੍ਹਾਂ ਦੇ ਮਹੀਨਾਵਾਰ ਫੈਮਿਲੀ ਬੈਨੀਫਿਟ ਦੇ ਨਾਲ 25% ਬੋਨਸ ਮਿਲੇਗਾ, ਇਸ ਵਿੱਚ ਅੰਦਾਜ਼ਨ ਉਹ 66,000 ਪਰਿਵਾਰ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਪਹਿਲਾਂ ਬੀ ਸੀ ਫੈਮਿਲੀ ਬੈਨੀਫਿਟ ਨਹੀਂ ਮਿਲਿਆ ਹੈ।

ਇੱਕ ਵਾਰ ਦਾ 'ਬੀ ਸੀ ਇਲੈਕਟ੍ਰੀਸਿਟੀ ਅਫੋਰਡੇਬਿਲਟੀ ਕ੍ਰੈਡਿਟ' (BC Electricity Affordability Credit) ਆਉਣ ਵਾਲੇ ਸਾਲ ਵਿੱਚ ਲੋਕਾਂ ਅਤੇ ਕਾਰੋਬਾਰਾਂ ਲਈ ਬਿਜਲੀ ਦੇ ਬਿੱਲਾਂ ਨੂੰ ਘਟਾਉਣ ਵਿੱਚ ਮਦਦ ਕਰੇਗਾ। ਇੰਪਲੌਇਰ ਹੈਲਥ ਟੈਕਸ' (Employer Health Tax) ਛੋਟ ਦੀ ਸੀਮਾ $500,000 ਤੋਂ ਦੁੱਗਣੀ ਹੋ ਕੇ $1 ਮਿਲੀਅਨ ਹੋ ਜਾਵੇਗੀ, ਜਿਸ ਰਾਹੀਂ ਛੋਟੇ ਅਤੇ ਵਧ ਰਹੇ ਕਾਰੋਬਾਰਾਂ ਨੂੰ ਮਹਿੰਗਾਈ ਅਤੇ ਲੇਬਰ ਦੀ ਘਾਟ ਦੇ ਪ੍ਰਭਾਵਾਂ ਨਾਲ ਵੀ ਸਹਾਇਤਾ ਮਿਲੇਗੀ।

ਇਹ ਯਕੀਨੀ ਬਣਾਉਣ ਲਈ ਕਿ ਰਿਹਾਇਸ਼ਾਂ ਨੂੰ ਲੋਕਾਂ ਲਈ ਘਰਾਂ ਵਜੋਂ ਵਰਤਿਆ ਜਾਂਦਾ ਹੈ, 2025 ਤੋਂ ਸੂਬਾ ਇੱਕ 'ਫਲਿਪਿੰਗ ਟੈਕਸ' ਪੇਸ਼ ਕਰ ਰਿਹਾ ਹੈ ਤਾਂ ਜੋ ਸੱਟੇਬਾਜ਼ਾਂ ਅਤੇ ਰਿਹਾਇਸ਼ਾਂ ਦੀਆਂ ਕੀਮਤਾਂ ਨੂੰ ਵਧਾਉਣ ਵਾਲਿਆਂ 'ਤੇ ਹੋਰ ਕਾਰਵਾਈ ਕੀਤੀ ਜਾ ਸਕੇ।

'ਫਰਸਟ ਟਾਈਮ ਹੋਮ ਬਾਇਰਜ਼' (First Time Home Buyers) ਪ੍ਰੋਗਰਾਮ ਦਾ ਵਿਸਤਾਰ ਕਰਨ ਨਾਲ ਵਧੇਰੇ ਲੋਕਾਂ ਨੂੰ ਆਪਣਾ ਪਹਿਲਾ ਘਰ ਖਰੀਦਣ ਵੇਲੇ ਵਧੇਰੇ ਪੈਸੇ ਬਚਣ ਨਾਲ ਮਦਦ ਮਿਲੇਗੀ, ਅਤੇ ਹੋਰ ਟੈਕਸ ਤਬਦੀਲੀਆਂ ਨਵੇਂ ਘਰ ਅਤੇ ਕਿਰਾਏ

ਦੀਆਂ ਰਿਹਾਇਸ਼ਾਂ ਦੀ ਉਸਾਰੀ ਦੀ ਲਾਗਤ ਨੂੰ ਘੱਟ ਕਰਨਗੀਆਂ। 'ਬੀ ਸੀ ਬਿਲਡਜ਼' (BC Builds) ਵਿੱਚ ਨਵੇਂ ਨਿਵੇਸ਼ ਘੱਟ ਵਰਤੋਂ ਵਾਲੀ ਜ਼ਮੀਨ, ਘੱਟ ਲਾਗਤ ਵਾਲੀ ਫਾਇਨੈਨਸਿੰਗ ਅਤੇ ਮੱਧ ਆਮਦਨੀ ਵਾਲੇ ਲੋਕਾਂ ਅਤੇ ਪਰਿਵਾਰਾਂ ਲਈ ਵਧੇਰੇ ਘਰ ਪ੍ਰਦਾਨ ਕਰਨ ਲਈ ਗ੍ਰਾਂਟਾਂ ਨੂੰ ਇਕੱਠੇ ਕਰਕੇ ਰਿਹਾਇਸ਼ਾਂ ਦੇ ਵਿਕਾਸ ਨੂੰ ਤੇਜ਼ ਕਰਨਗੇ।

"ਕੁਝ ਲੋਕਾਂ ਦਾ ਕਹਿਣਾ ਹੈ ਕਿ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਸਾਨੂੰ ਸੇਵਾਵਾਂ ਵਿੱਚ ਕਟੌਤੀ ਕਰਨੀ ਚਾਹੀਦੀ ਹੈ ਅਤੇ ਲੋਕਾਂ ਨੂੰ ਆਪਣਾ ਖਿਆਲ ਆਪ ਰੱਖਣ ਲਈ ਛੱਡ ਦੇਣਾ ਚਾਹੀਦਾ ਹੈ, ਪਰ ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ ਇਕੱਠੇ ਮਿਲ ਕੇ ਕੰਮ ਕਰਦੇ ਹਾਂ ਤਾਂ ਅਸੀਂ ਹੋਰ ਮਜ਼ਬੂਤ ਹੁੰਦੇ ਹਾਂ," ਕੌਨਰੌਏ ਨੇ ਕਿਹਾ। "ਬੱਜਟ 2024 ਬੀ.ਸੀ. ਦੀ ਮਜ਼ਬੂਤ ਨੀਂਹ ਦੇ ਅਧਾਰ 'ਤੇ ਅੱਗੇ ਵੱਧਦੇ ਹੋਏ ਲੋਕਾਂ ਨੂੰ ਲੋੜੀਂਦੇ ਹਸਪਤਾਲ, ਸਕੂਲ ਅਤੇ ਘਰ ਮੁਹੱਈਆ ਕਰਵਾਏਗਾ।"

ਬੀ.ਸੀ. ਦੀ ਅਬਾਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਵੱਧ ਰਹੀ ਹੈ, ਅਤੇ ਅਬਾਦੀ ਦੀ ਉਮਰ ਵੀ ਵੱਧ ਰਹੀ ਹੈ। ਉਨ੍ਹਾਂ ਸੇਵਾਵਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਣ ਲਈ ਜਿਨ੍ਹਾਂ 'ਤੇ ਲੋਕ ਨਿਰਭਰ ਹਨ, ਬੱਜਟ 2024 ਸਿਹਤ ਸੰਭਾਲ ਵਿੱਚ ਮਹੱਤਵਪੂਰਨ ਨਿਵੇਸ਼ ਕਰਦਾ ਹੈ, ਜਿਸ ਵਿੱਚ ਬੀ.ਸੀ. ਦੀ 10-ਸਾਲਾ ਕੈਂਸਰ ਯੋਜਨਾ ਨੂੰ ਅੱਗੇ ਵਧਾਉਣਾ ਅਤੇ ਸਿਹਤ-ਸੰਭਾਲ ਕਾਰਜਬਲ, ਅਤੇ ਉਨ੍ਹਾਂ ਸੇਵਾਵਾਂ ਵਿੱਚ ਵਾਧਾ ਕਰਨ ਸ਼ਾਮਲ ਹੈ, ਜੋ ਬਜ਼ੁਰਗਾਂ ਦੇ ਜੀਵਨ ਵਿੱਚ ਸੁਧਾਰ ਕਰਨਗੀਆਂ ਅਤੇ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਹੋਰ ਲੰਬੇ ਸਮੇਂ ਤੱਕ ਸੁਰੱਖਿਅਤ ਢੰਗ ਨਾਲ ਰਹਿਣ ਦੇ ਯੋਗ ਬਣਾਉਣਗੀਆਂ।

ਹਰ ਕੋਈ ਜੋ ਪਰਿਵਾਰ ਸ਼ੁਰੂ ਕਰਨਾ ਚਾਹੁੰਦਾ ਹੈ, ਉਸ ਕੋਲ ਇਹ ਮੌਕਾ ਹੋਵੇਗਾ। ਕੁਝ ਲੋਕਾਂ ਲਈ, ਇਨ-ਵੀਟ੍ਰੋ ਫਰਟੀਲਾਈਜ਼ੇਸ਼ਨ (in-vitro fertilization) ਉਨ੍ਹਾਂ ਲਈ ਉਪਲਬਧ ਕੁਝ ਜਾਂ ਇਕੱਲੇ ਵਿਕਲਪਾਂ ਵਿੱਚੋਂ ਹੈ। ਕਿਸੇ ਨੂੰ ਵੀ ਬੱਚਾ ਪੈਦਾ ਕਰਨ ਦੇ ਅਵਸਰ ਤੋਂ ਮਹਿਰੂਮ ਨਹੀਂ ਕੀਤਾ ਜਾਵੇਗਾ, ਉਹ ਭਾਂਵੇ ਕਿੰਨੇ ਵੀ ਪੈਸੇ ਕਮਾਉਂਦੇ ਹੋਣ, ਉਹ ਕਿਸੇ ਨੂੰ ਵੀ ਪਿਆਰ ਕਰਦੇ ਹੋਣ, ਜਾਂ ਉਨ੍ਹਾਂ ਦਾ ਕੋਈ ਸਾਥੀ ਹੋਵੇ ਜਾਂ ਨਾ। 2025 ਤੋਂ, ਲੋਕ ਇਨ-ਵੀਟ੍ਰੋ ਫਰਟੀਲਾਈਜ਼ੇਸ਼ਨ ਦੇ ਇੱਕ ਸਾਈਕਲ ਲਈ ਮੁਫਤ ਪਹੁੰਚ ਕਰਨ ਦੇ ਯੋਗ ਹੋਣਗੇ।

ਵਧਦੀ ਅਬਾਦੀ ਦਾ ਮਤਲਬ ਹੈ ਸਕੂਲ ਵਿੱਚ ਵਧੇਰੇ ਬੱਚੇ, ਇਹੀ ਕਾਰਨ ਹੈ ਕਿ ਬੱਜਟ 2024 ਵਿੱਚ ਸਕੂਲਾਂ ਅਤੇ ਖੇਡ ਦੇ ਮੈਦਾਨ ਬਣਾਉਣ ਲਈ, ਉਨ੍ਹਾਂ ਦੀ ਮੁਰੰਮਤ ਕਰਨ ਲਈ, ਅਤੇ ਭੂਚਾਲ ਤੋਂ ਬਚਾਅ ਦੀਆਂ ਅਪਗ੍ਰੇਡ ਕਰਨ ਲਈ ਰਿਕਾਰਡ ਪੱਧਰ ਦੇ ਨਿਵੇਸ਼ਾਂ ਦੇ ਨਾਲ-ਨਾਲ ਸਪੈਸ਼ਲ ਐਜੁਕੇਸ਼ਨ ਦੇ ਅਧਿਆਪਕ, ਟੀਚਰ ਸਾਇਕੌਲੋਜਿਸਟ (ਮਨੋਵਿਗਿਆਨੀ ਅਧਿਆਪਕ) ਅਤੇ ਕਾਊਂਸਲਰਾਂ ਸਮੇਤ ਨਵੇਂ ਅਧਿਆਪਕਾਂ ਅਤੇ ਸਹਾਇਕ ਸਟਾਫ ਨੂੰ ਸ਼ਾਮਲ ਕੀਤਾ ਗਿਆ ਹੈ।

ਬੱਜਟ ਵਿੱਚ ਅਗਲੇ ਤਿੰਨ ਸਾਲਾਂ ਵਿੱਚ ਸਕੂਲਾਂ, ਪੋਸਟ-ਸੈਕੰਡਰੀ ਫੈਸਿਲਿਟੀਆਂ, ਰਿਹਾਇਸ਼ਾਂ, ਸਿਹਤ ਸੰਭਾਲ ਫੈਸਿਲਿਟੀਆਂ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਲਈ ਰਿਕਾਰਡ ਪੱਧਰ 'ਤੇ $43 ਬਿਲੀਅਨ ਦੀ ਪੂੰਜੀ ਨਾਲ ਫੰਡਿੰਗ ਪ੍ਰਦਾਨ ਕੀਤੀ ਗਈ ਹੈ।

"ਸਾਰਿਆਂ ਲਈ ਹੋਰ ਮਜ਼ਬੂਤ ਬੀ.ਸੀ. ਬਣਾਉਣ ਦਾ ਮਤਲਬ ਹੈ ਲੋਕਾਂ ਲਈ ਮੌਕਿਆਂ ਅਤੇ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਹਮੇਸ਼ਾ ਸਖਤ ਮਿਹਨਤ ਕਰਦੇ ਰਹਿਣਾ," ਕੌਨਰੌਏ ਨੇ ਕਿਹਾ। "ਦੇਸ਼ 'ਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਘੱਟ ਹੈ ਅਤੇ ਨੌਕਰੀਆਂ 'ਚ ਮਜ਼ਬੂਤ ਵਾਧੇ ਦੇ ਨਾਲ ਅਸੀਂ ਵਾਤਾਵਰਨ ਪੱਖੋਂ ਅਜਿਹੀ ਸਾਫ-ਸੁਥਰੀ ਆਰਥਿਕਤਾ ਦਾ ਨਿਰਮਾਣ ਕਰਦੇ ਰਹਾਂਗੇ ਜੋ ਲੋਕਾਂ ਲਈ ਬਿਹਤਰ ਕੰਮ ਕਰੇ।"

ਜਲਵਾਯੂ ਤਬਦੀਲੀ ਭਾਈਚਾਰਿਆਂ ਅਤੇ ਆਰਥਿਕਤਾ ਲਈ ਅਸਲ ਚੁਣੌਤੀਆਂ ਪੈਦਾ ਕਰ ਰਹੀ ਹੈ। ਬੀ.ਸੀ. ਫਰਸਟ ਨੇਸ਼ਨਜ਼ ਅਤੇ ਇੰਡਸਟਰੀ ਨਾਲ ਭਾਈਵਾਲੀ ਵਿੱਚ ਵਾਤਾਵਰਨ ਪੱਖੋਂ ਹੋਰ ਸਾਫ-ਸੁਥਰੀ, ਅਤੇ ਹੋਰ ਮਜ਼ਬੂਤ ਆਰਥਿਕਤਾ ਬਣਾਉਣ ਲਈ ਕਾਰਵਾਈ ਕਰ ਰਿਹਾ ਹੈ, ਨਾਲ ਹੀ ਲੋਕਾਂ ਨੂੰ ਉੱਚ ਮੰਗ ਵਾਲੀਆਂ ਨੌਕਰੀਆਂ ਲਈ ਸਿਖਲਾਈ ਦੇ ਰਿਹਾ ਹੈ ਅਤੇ ਵਧੇਰੇ ਮੌਕੇ ਪੈਦਾ ਕਰ ਰਿਹਾ ਹੈ।

ਨਵੀਂ ਮਹੱਤਵਪੂਰਨ ਫੰਡਿੰਗ ਬੀ.ਸੀ. ਵਿੱਚ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ, ਕੁਦਰਤੀ ਆਫ਼ਤਾਂ ਦੇ ਸਮੇਂ ਆਪਣਾ ਘਰ ਛੱਡ ਕੇ ਜਾਣ ਵਾਲੇ ਲੋਕਾਂ ਲਈ ਵਸੀਲਿਆਂ ਨੂੰ ਮਜ਼ਬੂਤ ਕਰਨ, ਜੰਗਲੀ ਅੱਗਾਂ ਦੀ ਰੋਕਥਾਮ ਅਤੇ ਪ੍ਰਤੀਕਿਰਿਆ ਵਿੱਚ ਸੁਧਾਰ ਕਰਨ ਅਤੇ ਸੋਕੇ ਦੀ ਸਥਿਤੀ ਵਿੱਚ ਸੁਧਾਰ ਕਰਕੇ ਜਲਵਾਯੂ ਐਮਰਜੈਂਸੀ ਨੂੰ ਘਟਾਉਣ ਅਤੇ ਬਿਹਤਰ ਢੰਗ ਨਾਲ ਨਜਿੱਠਣ ਵਿੱਚ ਸਹਾਇਤਾ ਕਰੇਗੀ।

ਬੀ.ਸੀ. ਘੱਟ ਕਾਰਬਨ ਵਾਲੀ ਆਰਥਿਕਤਾ ਵੱਲ ਤਬਦੀਲ ਹੋਣ ਲਈ ਕਲੀਨ ਬੀ ਸੀ (CleanBC) ਰਾਹੀਂ ਆਪਣਾ ਕੰਮ ਜਾਰੀ ਰੱਖ ਰਿਹਾ ਹੈ, ਘੱਟ ਅਤੇ ਮੱਧ-ਆਮਦਨੀ ਵਾਲੇ ਪਰਿਵਾਰਾਂ ਨੂੰ ਹੀਟ ਪੰਪਾਂ 'ਤੇ ਵਧੇਰੇ ਛੋਟ ਪ੍ਰਦਾਨ ਕਰ ਰਿਹਾ ਹੈ ਅਤੇ ਇਲੈਕਟ੍ਰਿਕ ਵਾਹਨਾਂ ਦੇ ਪਬਲਿਕ ਚਾਰਜਿੰਗ ਸਟੇਸ਼ਨਾਂ ਲਈ ਫੰਡ ਵਧਾ ਰਿਹਾ ਹੈ। ਬੱਜਟ ਨਵੀਂ ਮੇਡ-ਇਨ-ਬੀ.ਸੀ. (ਬੀ.ਸੀ. ਵਿੱਚ ਤਿਆਰ) ਕ੍ਰਿਟਿਕਲ ਮਿਨਰਲ ਸਟ੍ਰੈਟਜੀ (Critical Mineral Strategy) ਨੂੰ ਫਰਸਟ ਨੇਸ਼ਨਜ਼, ਉਦਯੋਗ, ਸਥਾਨਕ ਸਰਕਾਰਾਂ ਅਤੇ ਜਨਤਾ ਦੇ ਸਹਿਯੋਗ ਨਾਲ, ਅਤੇ ਮਾਈਨਿੰਗ (ਖਾਣਾਂ) ਦੇ ਪਰਮਿਟ ਲਈ ਵਸੀਲਿਆਂ ਨੂੰ ਮਜ਼ਬੂਤ ਕਰਕੇ ਅੱਗੇ ਵਧਾਉਂਦਾ ਹੈ। ਸੂਬਾ ਫਰਸਟ ਨੇਸ਼ਨਜ਼ ਲਈ ਇਕੁਇਟੀ ਫਾਇਨੈਨਸਿੰਗ ਮੌਕਿਆਂ ਲਈ ਸਹਿਯੋਗ ਦੇਣ ਲਈ ਸਮਰੱਥ ਸਾਧਨ ਵੀ ਸਥਾਪਤ ਕਰ ਰਿਹਾ ਹੈ, ਜਿਸ ਵਿੱਚ ਸੂਬਾਈ ਇਕੁਇਟੀ ਲੋਨ ਗਾਰੰਟੀਆਂ ਅਤੇ ਹੋਰ ਸਹਾਇਤਾਵਾਂ ਸ਼ਾਮਲ ਹਨ।

ਬੱਜਟ 2024 ਸਾਰਿਆਂ ਲਈ ਮਜ਼ਬੂਤ ਬੀ.ਸੀ. ਬਣਾਉਣ ਵਿੱਚ ਮਦਦ ਕਰਨ ਲਈ ਹਾਲ ਹੀ ਦੇ ਬੱਜਟਾਂ ਵਿੱਚ ਕੀਤੇ ਗਏ ਨਿਵੇਸ਼ਾਂ 'ਤੇ ਅਧਾਰਿਤ ਹੈ, ਜਿਸ ਵਿੱਚ ਸੇਵਾਵਾਂ ਦੀਆਂ ਮੌਜੂਦਾ ਲੋੜਾਂ ਅਤੇ ਨਵੀਆਂ ਤਰਜੀਹਾਂ ਨੂੰ ਸਹਿਯੋਗ ਦੇਣ ਲਈ ਤਿੰਨ ਸਾਲਾਂ ਵਿੱਚ ਓਪਰੇਟਿੰਗ ਫੰਡਿੰਗ ਵਿੱਚ $13 ਬਿਲੀਅਨ ਸ਼ਾਮਲ ਹਨ। ਵਿੱਤੀ ਯੋਜਨਾ ਦੌਰਾਨ ਅਨੁਮਾਨਿਤ ਘਾਟਾ 2024-25 ਵਿੱਚ $7.9 ਬਿਲੀਅਨ ਤੋਂ ਘਟ ਕੇ 2026-27 ਵਿੱਚ $6.3 ਬਿਲੀਅਨ ਰਹਿ ਜਾਂਦਾ ਹੈ; ਕਰਜ਼ਾ ਵਧਣ ਦਾ ਅਨੁਮਾਨ ਲਗਾਇਆ ਜਾਂਦਾ ਹੈ ਪਰ ਵਾਧਾ ਕਿਫ਼ਾਇਤੀ ਸੀਮਾ ਵਿੱਚ ਰਹੇਗਾ।

"ਹੁਣ ਪਿੱਛੇ ਹਟਣ ਦਾ ਸਮਾਂ ਨਹੀਂ ਹੈ," ਕੌਨਰੌਏ ਨੇ ਕਿਹਾ। "ਅਸੀਂ ਆਰਥਿਕਤਾ ਦੇ ਮੱਧਮ ਵਿਕਾਸ ਦੇ ਇਸ ਸਮੇਂ ਦੌਰਾਨ ਲੋਕਾਂ ਅਤੇ ਪਰਿਵਾਰਾਂ ਲਈ ਸਮਰੱਥਾ ਅਤੇ ਉਨ੍ਹਾਂ ਸੇਵਾਵਾਂ ਨੂੰ ਤਰਜੀਹ ਦੇਣਾ ਜਾਰੀ ਰੱਖਾਂਗੇ ਜਿਨ੍ਹਾਂ 'ਤੇ ਅਸੀਂ ਸਾਰੇ ਨਿਰਭਰ ਹਾਂ।

ਪੰਜ ਪਿੱਠ ਭੂਮੀਆਂ ਉਪਲਬਧ ਹਨ।

**ਸੰਪਰਕ :**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724

ਨਿਊਜ਼ ਰਿਲੀਜ਼

# ਪਿੱਠਭੂਮੀ

**ਰੋਜ਼ਾਨਾ ਖਰਚਿਆਂ ਵਿੱਚ ਲੋਕਾਂ ਦੀ ਮਦਦ ਕਰਨਾ**

ਬੀ.ਸੀ. ਰਹਿਣ ਲਈ ਇੱਕ ਬਹੁਤ ਵਧੀਆ ਥਾਂ ਹੈ, ਪਰ ਵਿਸ਼ਵ-ਪੱਧਰੀ ਮਹਿੰਗਾਈ ਨੇ ਹਰ ਕਿਸੇ ਲਈ ਜ਼ਿੰਦਗੀ ਨੂੰ ਹੋਰ ਮਹਿੰਗਾ ਬਣਾ ਦਿੱਤਾ ਹੈ। ਬੀ.ਸੀ. ਸਰਕਾਰ ਰੋਜ਼ਾਨਾ ਖਰਚਿਆਂ ਵਿੱਚ ਲੋਕਾਂ ਦੀ ਮਦਦ ਕਰ ਰਹੀ ਹੈ, ਜਿਸ ਵਿੱਚ ਸ਼ਾਮਲ ਹੈ ਵਧੇਰੇ ਕਿਫ਼ਾਇਤੀ ਘਰ ਪ੍ਰਦਾਨ ਕਰਨਾ, ਚਾਈਲਡ ਕੇਅਰ (ਬਾਲ ਸੰਭਾਲ) ਦੇ ਖਰਚਿਆਂ ਨੂੰ ਘਟਾਉਣਾ, ਸਕੂਲਾਂ ਵਿੱਚ ਵਧੇਰੇ ਭੋਜਨ ਅਤੇ ਸਨੈਕਸ ਪ੍ਰਦਾਨ ਕਰਨਾ ਅਤੇ ਲੋਕਾਂ ਵਾਸਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਲਈ ਹੁਨਰ ਸਿਖਲਾਈ ਨੂੰ ਉਤਸ਼ਾਹਿਤ ਕਰਨਾ। ਬੱਜਟ 2024 ਮੁਸ਼ਕਲ ਸਮੇਂ ਦੌਰਾਨ ਲੋਕਾਂ ਦੀਆਂ ਜੇਬਾਂ ਵਿੱਚ ਵਧੇਰੇ ਪੈਸਾ ਰੱਖ ਕੇ ਇਸ ਨੀਂਹ ਨੂੰ ਮਜ਼ਬੂਤ ਕਰਦਾ ਹੈ।

- ਬੱਚਿਆਂ ਵਾਲੇ ਜ਼ਿਆਦਾ ਪਰਿਵਾਰਾਂ ਨੂੰ ਉਨ੍ਹਾਂ ਦੇ ਖਰਚਿਆਂ ਵਿੱਚ ਵਧੇਰੇ ਮਦਦ ਮਿਲੇਗੀ। $248 ਮਿਲੀਅਨ ਦੇ ਇੱਕ ਸਾਲ ਦੇ 'ਬੀ ਸੀ ਫੈਮਿਲੀ ਬੈਨੀਫਿਟ ਬੋਨਸ' (BC Family Benefit Bonus) ਨਾਲ, ਜੁਲਾਈ 2024 ਤੋਂ ਸ਼ੁਰੂ ਹੋਕੇ, ਪਰਿਵਾਰਾਂ ਨੂੰ ਆਪਣੇ ਮਹੀਨਾਵਾਰ 'ਬੀ ਸੀ ਫੈਮਿਲੀ ਬੈਨੀਫਿਟ' ਵਿੱਚ 25% ਦਾ ਵਾਧਾ ਦੇਖਣ ਨੂੰ ਮਿਲੇਗਾ।
    - ਚਾਰ ਮੈਂਬਰਾਂ ਦੇ ਸਧਾਰਨ ਪਰਿਵਾਰ ਨੂੰ ਪ੍ਰਤੀ ਸਾਲ $2,250 ਤੱਕ ਮਿਲ ਰਹੇ ਹਨ, ਅਤੇ ਹੁਣ ਬੋਨਸ ਦੇ ਨਾਲ ਪ੍ਰਤੀ ਸਾਲ $2,688 ਤੱਕ ਮਿਲਣਗੇ।
    - ਇੱਕ ਬੱਚੇ ਵਾਲੇ ਸਿੰਗਲ ਪੇਰੈਂਟ ਨੂੰ $2,115 ਮਿਲ ਰਹੇ ਹਨ, ਅਤੇ ਹੁਣ ਪ੍ਰਤੀ ਸਾਲ $2,790 ਮਿਲਣਗੇ।
    - ਔਸਤਨ, ਪਰਿਵਾਰਾਂ ਨੂੰ $445 ਵਧੇਰੇ ਪ੍ਰਾਪਤ ਹੋਣਗੇ।
    - 25% ਵਧੇਰੇ ਪਰਿਵਾਰਾਂ ਨੂੰ ਵੀ ਲਾਭ ਹੋਵੇਗਾ। ਇਸ ਸਾਲ ਲਗਭਗ 66,000 ਹੋਰ ਪਰਿਵਾਰਾਂ ਨੂੰ ਬੈਨੀਫਿਟ ਅਤੇ ਬੋਨਸ ਮਿਲਣਗੇ। ਕੁੱਲ 340,000 ਪਰਿਵਾਰਾਂ ਨੂੰ 12 ਮਹੀਨਿਆਂ ਦੇ ਸਮੇਂ ਦੌਰਾਨ ਲਾਭ ਹੋਵੇਗਾ।

- ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਨਵੇਂ, ਸਾਲ ਭਰ ਚੱਲਣ ਵਾਲੇ 'ਬੀ ਸੀ ਇਲੈਕਟ੍ਰੀਸਿਟੀ ਅਫੋਰਡੇਬਿਲਟੀ ਕ੍ਰੈਡਿਟ' (BC Electricity Affordability Credit) ਨਾਲ ਆਪਣੇ ਬਿਜਲੀ ਦੇ ਬਿੱਲ ਵਿੱਚ ਬਚਤ ਨਾਲ ਮਦਦ ਮਿਲੇਗੀ।
    - ਪਰਿਵਾਰ, ਸਾਲ ਭਰ ਵਿੱਚ ਆਪਣੀ ਬਿਜਲੀ ਦੀ ਖਪਤ ਅਨੁਸਾਰ, ਆਪਣੇ ਬਿੱਲਾਂ 'ਤੇ ਔਸਤਨ $100 ਦੀ ਬਚਤ ਕਰਨਗੇ।
    - ਵਪਾਰਕ ਅਤੇ ਉਦਯੋਗਿਕ ਗਾਹਕਾਂ ਨੂੰ ਵੀ ਆਪਣੀ ਬਿਜਲੀ ਦੀ ਖਪਤ ਦੇ 4.6% ਤੱਕ 'ਤੇ ਬਚਤ ਹੋਵੇਗੀ। ਕਿਸੇ ਸਧਾਰਨ ਛੋਟੇ ਕਾਰੋਬਾਰ ਨੂੰ ਸਾਲ ਭਰ ਵਿੱਚ $400 ਦੀ ਬਚਤ ਹੋਵੇਗੀ।
    - ਲੋਕਾਂ ਅਤੇ ਛੋਟੇ ਕਾਰੋਬਾਰਾਂ ਨੂੰ ਅਪ੍ਰੈਲ 2024 ਤੋਂ ਸ਼ੁਰੂ ਹੋਕੇ ਹਰੇਕ ਮਹੀਨਾਵਾਰ ਬਿੱਲ 'ਤੇ ਕ੍ਰੈਡਿਟ ਦੇਖਣ ਨੂੰ ਮਿਲੇਗਾ।

- ਵਿਅਕਤੀਆਂ ਅਤੇ ਪਰਿਵਾਰਾਂ ਨੂੰ ਇਸ ਸਾਲ ਆਪਣੇ ਤਿਮਾਹੀ 'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' (Climate Action Tax Credit) ਦੇ ਭੁਗਤਾਨਾਂ ਵਿੱਚ ਵਾਧਾ ਨਜ਼ਰ ਆਵੇਗਾ।
    - ਕਾਰਬਨ ਟੈਕਸ ਦੇ ਵਾਧੇ ਤੋਂ ਹੋਏ ਲਾਭ ਦਾ ਸੌ ਫੀਸਦੀ ਹਿੱਸਾ 'ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਨੂੰ ਦੇ

ਦਿੱਤਾ ਜਾਵੇਗਾ।
  - ਜੇਕਰ ਚਾਰ ਜਣਿਆਂ ਦੇ ਪਰਿਵਾਰ ਨੂੰ ਪਿਛਲੇ ਸਾਲ $890 ਮਿਲੇ ਸਨ, ਉਨ੍ਹਾਂ ਨੂੰ $1,005 ਮਿਲਣਗੇ, ਅਤੇ ਇੱਕ ਵਿਅਕਤੀ ਜਿਸਨੇ ਪਿਛਲੇ ਸਾਲ $447 ਪ੍ਰਾਪਤ ਕੀਤੇ ਸਨ, ਨੂੰ ਜੁਲਾਈ 2024 ਤੋਂ ਸ਼ੁਰੂ ਹੋ ਕੇ $504 ਪ੍ਰਾਪਤ ਹੋਣਗੇ।
  - ਇਹ ਕ੍ਰੈਡਿਟ ਹਾਸਲ ਕਰਨ ਵਾਲੇ ਲੋਕਾਂ ਦੀ ਸੰਖਿਆ ਹਰ ਸਾਲ ਵਧ ਰਹੀ ਹੈ ਅਤੇ 2030 ਤੱਕ ਇਹ ਸੰਖਿਆ ਬੀ.ਸੀ. ਦੇ 80% ਪਰਿਵਾਰਾਂ ਤੱਕ ਪਹੁੰਚਣ ਦੀ ਉਮੀਦ ਹੈ।
  - ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਵੱਡੀ ਗਿਣਤੀ ਨੂੰ 2030 ਤੱਕ ਕਾਰਬਨ ਟੈਕਸ ਵਿੱਚ ਭੁਗਤਾਨ ਦੇ ਵਾਧੇ ਨਾਲੋਂ ਵਧੇ ਹੋਏ ਕ੍ਰੈਡਿਟ ਨਾਲ ਵਧੇਰੇ ਰਕਮ ਮਿਲਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ।

- ਬੱਜਟ 2024 'ਇੰਪਲੌਇਰ ਹੈਲਥ ਟੈਕਸ' (Employer Health Tax) ਛੋਟ ਸੀਮਾ ਨੂੰ $500,000 ਤੋਂ $1 ਮਿਲੀਅਨ ਤੱਕ ਦੁੱਗਣਾ ਕਰਕੇ ਛੋਟੇ ਕਾਰੋਬਾਰਾਂ ਦੀਆਂ ਮੰਗਾਂ ਨੂੰ ਪੂਰਾ ਕਰ ਰਿਹਾ ਹੈ। ਇਸ ਤਬਦੀਲੀ ਦੇ ਨਾਲ, 90% ਕਾਰੋਬਾਰਾਂ ਨੂੰ ਟੈਕਸ ਤੋਂ ਛੋਟ ਮਿਲੇਗੀ, ਇਸ ਨਾਲ ਉਨ੍ਹਾਂ ਨੂੰ ਹਰ ਸਾਲ $100 ਮਿਲੀਅਨ ਤੋਂ ਵੱਧ ਦੀ ਬਚਤ ਹੋਣ ਦਾ ਅਨੁਮਾਨ ਹੈ।

- 2024 ਤੋਂ ਸ਼ੁਰੂ ਹੋਕੇ, ਜਿਵੇਂ ਹੀ ਲੋਕ ਆਪਣੇ 2023 ਦੇ ਇਨਕਮ ਟੈਕਸ ਫਾਈਲ ਕਰਦੇ ਹਨ, ਉਹ ਬੀ.ਸੀ. ਦੇ ਰੈਂਟਰਜ਼' ਟੈਕਸ ਕ੍ਰੈਡਿਟ (Renter's Tax Credit) ਰਾਹੀਂ $400 ਤੱਕ ਵਾਪਸ ਆਉਂਦੇ ਦੇਖਣਗੇ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724

BRITISH COLUMBIA



# ਪਿੱਠਭੂਮੀ

**ਲੋਕਾਂ ਲਈ ਵਧੇਰੇ ਘਰ, ਵਧੇਰੇ ਤੇਜ਼ੀ ਨਾਲ ਉਪਲਬਧ ਕਰਵਾਉਣਾ**

ਲੋਕ ਆਪਣੀ ਸਮਰੱਥਾ ਦੇ ਦਾਇਰੇ ਵਿੱਚ ਅਤੇ ਆਪਣੀ ਪਸੰਦ ਦੀ ਕਮਿਊਨਿਟੀ ਵਿੱਚ ਵਧੀਆ ਘਰ ਦੀ ਇੱਛਾ ਕਰਦੇ ਹਨ। ਮਹਿੰਗਾਈ ਅਤੇ ਰਹਿਣ-ਸਹਿਣ ਦੇ ਖਰਚਿਆਂ ਦੇ ਦਬਾਅ ਦੇ ਨਾਲ, ਕਿਫ਼ਾਇਤੀ ਰਿਹਾਇਸ਼ਾਂ ਲੱਭਣਾ ਬਹੁਤ ਸਾਰੇ ਲੋਕਾਂ ਲਈ ਚੁਣੌਤੀਪੂਰਨ ਹੈ। ਬੀ.ਸੀ. ਸਰਕਾਰ ਇਨ੍ਹਾਂ ਕਦਮਾਂ ਨਾਲ ਗਲੋਬਲ ਰਿਹਾਇਸ਼ੀ ਸੰਕਟ ਦਾ ਹੱਲ ਲੱਭਣ ਅਤੇ ਉਹ ਵਧੇਰੇ ਘਰ ਉਪਲਬਧ ਕਰਵਾਉਣ ਵਿੱਚ ਦੇਸ਼ ਦੀ ਅਗਵਾਈ ਕਰ ਰਹੀ ਹੈ, ਜੋ ਲੋਕਾਂ ਦੀ ਪਹੁੰਚ ਵਿੱਚ ਹਨ:

- ਨਿਯੰਤਰਣ ਤੋਂ ਬਾਹਰ ਸ਼ੌਰਟ-ਟਰਮ ਰੈਂਟਲ ਮਾਰਕਿਟ (ਥੋੜ੍ਹੇ ਸਮੇਂ ਲਈ ਕਿਰਾਏ 'ਤੇ ਦਿੱਤੇ ਜਾਂਦੇ ਘਰਾਂ ਦੀ ਮਾਰਕਿਟ) 'ਤੇ ਕਾਬੂ ਪਾਉਣਾ;
- 'ਸਪੈਕਿਊਲੇਸ਼ਨ ਐਂਡ ਵੇਕੈਂਸੀ ਟੈਕਸ' (Speculation and Vacancy Tax) ਦਾ ਵਿਸਤਾਰ ਕਰਨਾ;
- ਪਾਬੰਦੀਸ਼ੁਦਾ ਅਤੇ ਪੁਰਾਣੇ ਜ਼ੋਨਿੰਗ ਨਿਯਮਾਂ ਵਿੱਚ ਸੋਧ ਕਰਨਾ;
- ਟ੍ਰਾਂਜ਼ਿਟ ਦੇ ਪ੍ਰਮੁੱਖ ਸਟੇਸ਼ਨਾਂ ਦੇ ਨੇੜੇ ਵਧੇਰੇ ਜ਼ਮੀਨ ਅਤੇ ਖੇਤਰਾਂ ਨੂੰ ਲੋਕਾਂ ਲਈ ਘਰਾਂ ਵਿੱਚ ਬਦਲਣਾ;
- ਇਹ ਯਕੀਨੀ ਬਣਾਉਣਾ ਕਿ ਬੀ.ਸੀ. ਵਿੱਚ ਹਰ ਕਮਿਊਨਿਟੀ ਵਿੱਚ ਸੈਕੰਡਰੀ ਸੁਈਟ ਬਣਾਏ ਜਾ ਸਕਣ;
- 'ਰੈਜ਼ੀਡੈਂਸ਼ੀਅਲ ਟੈਨੈਨਸੀ ਬ੍ਰਾਂਚ' ਵਿੱਚ ਇੰਤਜ਼ਾਰ ਦੇ ਲੰਬੇ ਸਮੇਂ ਨੂੰ ਘਟਾਉਣਾ; ਅਤੇ
- ਕਿਰਾਏਦਾਰਾਂ ਨੂੰ ਇਸ ਤਰ੍ਹਾਂ ਸੁਰੱਖਿਅਤ ਕਰਨਾ:
  - ਕਿਰਾਏ ਵਿੱਚ ਵਾਧੇ ਦੀ ਸੀਮਾ ਨੂੰ ਮਹਿੰਗਾਈ ਦੀ ਦਰ ਤੋਂ ਕਾਫੀ ਘੱਟ ਰੱਖਣਾ;
  - ਰੈਂਟਰਜ਼ ਟੈਕਸ ਕ੍ਰੈਡਿਟ (Renter's tax credit) ਦੁਆਰਾ ਸਲਾਨਾ $400 ਪ੍ਰਦਾਨ ਕਰਨਾ; ਅਤੇ
  - 'ਰੈਂਟਲ ਪ੍ਰੋਟੈਕਸ਼ਨ ਫੰਡ' (Rental Protection Fund) ਰਾਹੀਂ ਇਹ ਯਕੀਨੀ ਬਣਾਉਣਾ ਕਿ ਕਿਫ਼ਾਇਤੀ ਕਿਰਾਏ ਦੀਆਂ ਰਿਹਾਇਸ਼ਾਂ ਮਾਰਕਿਟ ਵਿੱਚ ਰਹਿਣ।

**ਬੱਜਟ 2024 ਦੇ ਨਵੇਂ ਉਪਾਅ:**

**ਬੀ ਸੀ ਹੋਮ ਫਲਿਪਿੰਗ ਟੈਕਸ**

'ਹੋਮਜ਼ ਫੌਰ ਪੀਪਲ' (Homes for People) ਯੋਜਨਾ ਦੇ ਹਿੱਸੇ ਵਜੋਂ, ਅਤੇ ਸੱਟੇਬਾਜ਼ਾਂ ਨੂੰ ਕੀਮਤਾਂ ਵਧਾਉਣ ਤੋਂ ਰੋਕਣ ਲਈ, ਬੱਜਟ 2024 ਨੇ ਨਵਾਂ 'ਬੀ ਸੀ ਹੋਮ ਫਲਿਪਿੰਗ ਟੈਕਸ' (BC Home Flipping Tax) ਪੇਸ਼ ਕੀਤਾ ਹੈ, ਜੋ ਕਿ 1 ਜਨਵਰੀ, 2025 ਤੋਂ ਲਾਗੂ ਹੋਵੇਗਾ। ਇਹ ਕਿਸੇ ਰਿਹਾਇਸ਼ੀ ਪ੍ਰੌਪਰਟੀ ਨੂੰ ਖਰੀਦਣ ਦੇ ਦੋ ਸਾਲਾਂ ਦੇ ਅੰਦਰ ਵੇਚਣ ਤੋਂ ਹੋਣ ਵਾਲੇ ਮੁਨਾਫੇ 'ਤੇ ਟੈਕਸ ਹੋਵੇਗਾ, ਜਿਸ ਵਿੱਚ ਕਿਸੇ ਵਿਅਕਤੀ ਦੇ ਨਿਯੰਤਰਣ ਤੋਂ ਬਾਹਰ ਵਾਪਰੇ ਜੀਵਨ ਦੇ ਹਾਲਾਤਾਂ ਲਈ ਵਿਸ਼ੇਸ਼ ਛੋਟਾਂ ਹੋਣਗੀਆਂ ਜਿਸ ਵਿੱਚ ਤਲਾਕ, ਮੌਤ, ਬਿਮਾਰੀ, ਕੰਮ ਲਈ ਕਿਤੇ ਹੋਰ ਰਹਿਣ ਜਾਣਾ, ਅਤੇ ਹੋਰ ਹਾਲਾਤ ਸ਼ਾਮਲ ਹਨ। ਟੈਕਸ ਤੋਂ ਇਕੱਠਾ ਹੋਣ ਵਾਲਾ ਮਾਲੀਆ ਸਿੱਧਾ ਬੀ.ਸੀ. ਭਰ ਵਿੱਚ ਕਿਫ਼ਾਇਤੀ ਰਿਹਾਇਸ਼ਾਂ ਬਣਾਉਣ ਲਈ ਇਸਤੇਮਾਲ ਕੀਤਾ ਜਾਵੇਗਾ।

## ਪ੍ਰੌਪਰਟੀ ਟ੍ਰਾਂਸਫਰ ਟੈਕਸ ਛੋਟਾਂ

ਬਹੁਤ ਸਾਰੇ ਲੋਕਾਂ ਲਈ, ਘਰ ਖਰੀਦਣਾ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਖਰੀਦ ਹੈ, ਅਤੇ ਪ੍ਰੌਪਰਟੀ ਦੀਆਂ ਵਧਦੀਆਂ ਕੀਮਤਾਂ ਇਸ ਨੂੰ ਹੋਰ ਵੀ ਮੁਸ਼ਕਲ ਬਣਾ ਰਹੀਆਂ ਹਨ। ਹਰ ਛੋਟਾ ਕਦਮ ਮਦਦਗਾਰ ਹੋ ਸਕਦਾ ਹੈ, ਅਤੇ ਬੱਜਟ 2024 ਦਾ ਉਦੇਸ਼ ਹੈ ਲੋਕਾਂ ਨੂੰ ਵਿੱਤੀ ਤੌਰ 'ਤੇ ਉਹ ਸਹਿਯੋਗ ਦੇਣਾ ਜੋ ਉਨ੍ਹਾਂ ਨੂੰ ਆਪਣੀ ਸਮਰੱਥਾ ਮੁਤਾਬਕ ਘਰ ਖਰੀਦਣ ਲਈ ਲੋੜੀਂਦਾ ਹੈ, ਜਿਸ ਵਿੱਚ ਸ਼ਾਮਲ ਹੈ:

- 'ਫਰਸਟ ਟਾਈਮ ਹੋਮਬਾਇਰ ਪ੍ਰੋਗਰਾਮ' (First Time Homebuyer Program) ਦੀ ਸੀਮਾ ਵਿੱਚ ਵਾਧਾ ਕਰਨਾ ਤਾਂ ਜੋ ਇਹ ਅੱਜ ਦੀ ਮਾਰਕਿਟ ਨੂੰ ਦਰਸਾਉਂਦਾ ਹੋਵੇ।
    - ਜਦੋਂ ਪਹਿਲੀ ਵਾਰ ਯੋਗਤਾ ਪ੍ਰਾਪਤ ਕਰਨ ਵਾਲੇ ਖਰੀਦਦਾਰ $835,000 ਤੱਕ ਦਾ ਘਰ ਖਰੀਦਦੇ ਹਨ, ਤਾਂ ਪਹਿਲੇ $500,000 ਨੂੰ 'ਪ੍ਰੌਪਰਟੀ ਟ੍ਰਾਂਸਫਰ ਟੈਕਸ' ਤੋਂ ਪੂਰੀ ਤਰ੍ਹਾਂ ਛੋਟ ਮਿਲਣ ਨਾਲ ਉਹਨਾਂ ਨੂੰ ਇਸ ਪ੍ਰੋਗਰਾਮ ਤੋਂ ਲਾਭ ਹੋ ਸਕਦਾ ਹੈ। ਇਸ ਦਾ ਮਤਲਬ $8,000 ਦੀ ਬਚਤ ਹੋ ਸਕਦੀ ਹੈ।
    - ਅੰਦਾਜ਼ਨ 14,500 ਲੋਕ, ਜੋ ਕਿ ਪਹਿਲਾਂ ਨਾਲੋਂ ਦੁੱਗਣੀ ਗਿਣਤੀ ਹੈ, ਹੁਣ ਆਪਣਾ ਪਹਿਲਾ ਘਰ ਖਰੀਦਣ ਲਈ ਸਹਾਇਤਾ ਲਈ ਯੋਗ ਹੋਣਗੇ, ਜਿਸ ਨਾਲ ਉਨ੍ਹਾਂ ਨੂੰ ਕਿਰਾਏ ਦੀ ਮਾਰਕਿਟ ਤੋਂ ਬਾਹਰ ਨਿਕਲਣ ਅਤੇ ਦੂਜਿਆਂ ਲਈ ਕਿਰਾਏ ਦੀਆਂ ਰਿਹਾਇਸ਼ਾਂ ਨੂੰ ਖਾਲੀ ਕਰਨ ਵਿੱਚ ਮਦਦ ਮਿਲੇਗੀ।
    - $1.1 ਮਿਲੀਅਨ ਦੀ ਕੀਮਤ ਤੱਕ ਦੇ ਨਵੇਂ ਬਣੇ ਘਰ ਖਰੀਦਣ ਵਾਲੇ ਲੋਕਾਂ ਨੂੰ ਵੀ ਨਵੇਂ ਬਣੇ ਘਰ ਦੀ ਛੋਟ ਰਾਹੀਂ ਘੱਟ ਲਾਗਤ ਦੇਖਣ ਨੂੰ ਮਿਲੇਗੀ।

ਲਾਗਤ ਨੂੰ ਘੱਟ ਕਰਨ ਅਤੇ ਵਧੇਰੇ ਕਿਰਾਏ ਦੇ ਯੂਨਿਟਾਂ ਦੀ ਉਸਾਰੀ ਨੂੰ ਉਤਸ਼ਾਹਤ ਕਰਨ ਲਈ, ਕਿਰਾਏ ਦੇ ਉਦੇਸ਼ ਨਾਲ ਬਣਾਈਆਂ ਗਈਆਂ ਨਵੀਆਂ ਯੋਗ ਇਮਾਰਤਾਂ ਨੂੰ ਵੀ 2030 ਤੱਕ ਪ੍ਰੌਪਰਟੀ ਟ੍ਰਾਂਸਫਰ ਟੈਕਸ ਛੋਟ ਮਿਲੇਗੀ।

ਇਨ੍ਹਾਂ ਪ੍ਰੌਪਰਟੀ ਟ੍ਰਾਂਸਫਰ ਟੈਕਸ ਛੋਟ ਦੀਆਂ ਸੀਮਾਵਾਂ ਨੂੰ ਵਧਾਉਣ ਅਤੇ ਕਿਰਾਏ ਦੀਆਂ ਨਵੀਆਂ ਰਿਹਾਇਸ਼ਾਂ ਅਤੇ ਘਰਾਂ ਦੀ ਉਸਾਰੀ ਨੂੰ ਉਤਸ਼ਾਹਤ ਕਰਨ ਨਾਲ ਵਧੇਰੇ ਲੋਕਾਂ ਲਈ, ਵਧੇਰੇ ਪੈਸੇ ਦੀ ਬਚਤ ਹੋਵੇਗੀ – ਜੋ ਕਿ ਅੰਦਾਜ਼ਨ $100 ਮਿਲੀਅਨ ਪ੍ਰਤੀ ਸਾਲ ਹੈ।

ਪ੍ਰਾਈਵੇਟ ਖੇਤਰ ਇਕੱਲਾ ਮੱਧ-ਆਮਦਨੀ ਵਾਲੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਲੋੜੀਂਦੇ ਘਰ ਉਪਲਬਧ ਨਹੀਂ ਕਰਵਾ ਸਕਿਆ ਹੈ। ਉਨ੍ਹਾਂ ਸਰਕਾਰੀ ਪਹਿਲਕਦਮੀਆਂ ਰਾਹੀਂ ਜੋ ਲੋਕਾਂ ਨੂੰ ਘਰ ਖਰੀਦਣ ਵਿੱਚ ਮਦਦ ਕਰਦੀਆਂ ਹਨ, ਸੂਬਾ ਲੋਕਾਂ ਲਈ ਵਧੇਰੇ ਕਿਰਾਏ ਦੇ ਘਰ ਬਣਾਉਣ ਵਿੱਚ ਮਦਦ ਕਰ ਰਿਹਾ ਹੈ, ਮੰਗ ਨੂੰ ਘਟਾ ਰਿਹਾ ਹੈ ਅਤੇ ਇਸ ਨਾਲ ਲਾਗਤਾਂ ਨੂੰ ਘਟਾ ਰਿਹਾ ਹੈ।

## ਬੀ ਸੀ ਬਿਲਡਜ਼

ਬੱਜਟ 2024 'ਬੀ ਸੀ ਬਿਲਡਜ਼' ਲਈ $198 ਮਿਲੀਅਨ ਦੀ ਨਵੇਂ ਫੰਡਿੰਗ ਨਾਲ 'ਹੋਮਜ਼ ਫੌਰ ਪੀਪਲ' ਯੋਜਨਾ ਨੂੰ ਮਜ਼ਬੂਤ ਕਰਦਾ ਹੈ। ਇਹ ਉਨ੍ਹਾਂ ਨਵੀਆਂ ਰਿਹਾਇਸ਼ਾਂ ਦੇ ਵਿਕਾਸ ਨੂੰ ਤੇਜ਼ ਕਰਨ ਲਈ ਪ੍ਰੋਗਰਾਮ ਵਿੱਚ ਸਹਿਯੋਗ ਦੇਵੇਗਾ ਜੋ ਮੱਧ-ਆਮਦਨੀ ਵਾਲੇ ਲੋਕਾਂ ਅਤੇ ਪਰਿਵਾਰਾਂ ਦੇ ਬੱਜਟ ਮੁਤਾਬਕ ਢੁੱਕਵੀਆਂ ਹਨ।

'ਬੀ ਸੀ ਬਿਲਡਜ਼' ਉਸਾਰੀ ਲਾਗਤਾਂ ਨੂੰ ਘਟਾਉਣ ਅਤੇ ਲੋਕਾਂ ਲਈ ਵਧੇਰੇ ਮੱਧਵਰਗੀ ਰਿਹਾਇਸ਼ਾਂ ਪ੍ਰਦਾਨ ਕਰਨ ਲਈ ਘੱਟ ਲਾਗਤ ਵਾਲੀ ਫਾਇਨੈਂਸਿੰਗ ਦੀ ਪੇਸ਼ਕਸ਼ ਕਰਨ ਲਈ ਸਰਕਾਰੀ ਮਲਕੀਅਤ, ਜਨਤਕ ਅਤੇ ਘੱਟ ਵਰਤੋਂ ਵਾਲੀ ਜ਼ਮੀਨ ਅਤੇ ਘੱਟ ਸਰਕਾਰੀ ਉਧਾਰ ਦਰਾਂ ਦੀ ਵਰਤੋਂ ਕਰਦਾ ਹੈ। ਇਹ ਸਥਾਨਕ ਸਰਕਾਰਾਂ, ਜ਼ਮੀਨ ਮਾਲਕਾਂ, ਹੋਮ ਬਿਲਡਰਾਂ ਅਤੇ ਹਾਊਸਿੰਗ ਔਪਰੇਟਰਾਂ ਨਾਲ ਮਿਲ ਕੇ ਮੌਜੂਦਾ ਔਸਤ ਤਿੰਨ ਤੋਂ ਪੰਜ ਸਾਲਾਂ ਦੀ ਤੁਲਨਾ ਵਿੱਚ, 12-18 ਮਹੀਨਿਆਂ ਦੇ ਅੰਦਰ ਪ੍ਰੋਜੈਕਟਾਂ ਨੂੰ ਪ੍ਰਸਤਾਵ ਤੋਂ ਉਸਾਰੀ ਤੱਕ ਲੈ ਜਾਣ ਲਈ ਵੀ ਕੰਮ ਕਰਦਾ ਹੈ।

ਇਨ੍ਹਾਂ ਨਵੇਂ ਯੂਨਿਟਾਂ ਦੀ ਇੰਕਮ ਟੈਸਟਿੰਗ (ਆਮਦਨੀ ਦੀ ਪਰਖ) ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਜਿਹੜੇ ਲੋਕ ਬੀ.ਸੀ. ਦੀਆਂ ਕਮਿਊਨਿਟੀਆਂ ਨੂੰ ਖੁਸ਼ਹਾਲ ਰੱਖਦੇ ਹਨ, ਉਨ੍ਹਾਂ ਨੂੰ ਆਪਣੀ ਸਮਰੱਥਾ ਮੁਤਾਬਕ ਘਰ ਮਿਲ ਸਕਣ।

**ਰਿਹਾਇਸ਼ਾਂ ਲਈ ਸਹਿਯੋਗ**

ਪਿਛਲੇ ਸਾਲ ਦੌਰਾਨ, ਸੂਬੇ ਨੇ ਉਨ੍ਹਾਂ ਨਵੀਆਂ ਪਹਿਲਕਦਮੀਆਂ ਨੂੰ ਤਰਜੀਹ ਦਿੱਤੀ ਹੈ ਜੋ ਉਨ੍ਹਾਂ ਲੋਕਾਂ ਲਈ ਹਜ਼ਾਰਾਂ ਹੋਰ ਚੰਗੇ ਘਰ ਮੁਹੱਈਆ ਕਰਵਾਉਣ 'ਤੇ ਕੇਂਦਰਿਤ ਹਨ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ। ਬੱਜਟ 2024, ਫੰਡਿੰਗ ਵਿੱਚ $116 ਮਿਲੀਅਨ ਹੋਰ ਨਾਲ ਇਨ੍ਹਾਂ ਮੌਜੂਦਾ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਮਦਦ ਕਰ ਰਿਹਾ ਹੈ। ਫੰਡਿੰਗ ਬੀ.ਸੀ. ਭਰ ਵਿੱਚ ਕਮਿਊਨਿਟੀਆਂ ਵਿੱਚ 500 ਤੋਂ ਵੱਧ ਸਥਾਈ ਅਤੇ ਅਸਥਾਈ ਸ਼ੈਲਟਰ ਥਾਂਵਾਂ ਵੀ ਬਰਕਰਾਰ ਰੱਖੇਗੀ। 2017 ਤੋਂ, ਨਿਰੰਤਰ ਨਿਵੇਸ਼ ਅਤੇ ਹੋਰ ਰਿਹਾਇਸ਼ੀ ਪਹਿਲਕਦਮੀਆਂ ਦੇ ਨਤੀਜੇ ਵਜੋਂ, ਸੂਬੇ ਵਲੋਂ 77,000 ਤੋਂ ਵੱਧ ਘਰ ਉਪਲਬਧ ਕੀਤੇ ਗਏ ਹਨ ਜਾਂ ਕੀਤੇ ਜਾਣ ਦੇ ਮਾਰਗ ’ਤੇ ਹਨ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724

BRITISH COLUMBIA

ਨਿਊਜ਼ ਰਿਲੀਜ਼

# ਪਿੱਠਭੂਮੀ

### ਸਿਹਤ ਸੰਭਾਲ ਅਤੇ ਉਨ੍ਹਾਂ ਸੇਵਾਵਾਂ ਨੂੰ ਮਜ਼ਬੂਤ ਕਰਨਾ, ਜਿਨ੍ਹਾਂ ‘ਤੇ ਲੋਕ ਨਿਰਭਰ ਹਨ

ਸਾਰਿਆਂ ਲਈ ਵਧੇਰੇ ਮਜ਼ਬੂਤ ਬੀ.ਸੀ. ਦਾ ਮਤਲਬ ਹੈ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨਾ ਜਿਨ੍ਹਾਂ ‘ਤੇ ਲੋਕ ਨਿਰਭਰ ਹਨ ਅਤੇ ਬੀ.ਸੀ. ਦੀ ਵਧ ਰਹੀ ਅਬਾਦੀ ਨੂੰ ਸਹਿਯੋਗ ਦੇਣਾ। ਬੱਜਟ 2024 ਰਾਹੀਂ, ਹੈਲਥ ਕੇਅਰ (ਸਿਹਤ ਸੰਭਾਲ), K-12 ਸਿੱਖਿਆ, ਨਿਆਂ, ਜਨਤਕ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਲਈ, ਅਤੇ ਦੇਖਭਾਲ ਅਤੇ ਸਹਾਇਤਾ ਦੀ ਲੋੜ ਵਿੱਚ ਲੋਕਾਂ ਦੀ ਮਦਦ ਲਈ ਤਿੰਨ ਸਾਲਾਂ ਦੌਰਾਨ $8 ਬਿਲੀਅਨ ਉਪਲਬਧ ਕੀਤੇ ਜਾਣਗੇ।

### ਹੈਲਥ ਕੇਅਰ

ਅਬਾਦੀ ਵਿੱਚ ਹੋ ਰਿਹਾ ਵਾਧਾ ਅਤੇ ਲੋਕਾਂ ਦੀ ਉਮਰ ਦੇ ਵਧਣ ਤੋਂ ਇਲਾਵਾ, ਅਗਲੇ ਦਹਾਕੇ ਵਿੱਚ ਵੱਡੀ ਗਿਣਤੀ ਵਿੱਚ ਡਾਕਟਰ ਅਤੇ ਨਰਸਾਂ ਰਿਟਾਇਰ ਹੋ ਰਹੇ ਹਨ, ਅਤੇ ਹੈਲਥ ਕੇਅਰ ਸਿਸਟਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਧੇਰੇ ਲੋਕਾਂ ਦੀ ਲੋੜ ਹੈ। ਬੱਜਟ 2024 ਰਾਹੀਂ, ਲੋਕਾਂ ਲਈ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਤੱਕ ਵਧੇਰੇ ਪਹੁੰਚ ਕਰਨ ਵਿੱਚ ਮਦਦ ਕਰਨ ਲਈ $2 ਬਿਲੀਅਨ ਤੋਂ ਵੀ ਵੱਧ ਪ੍ਰਦਾਨ ਕੀਤੇ ਜਾ ਰਹੇ ਹਨ, ਜਿਸ ਰਾਹੀਂ ਪ੍ਰਾਈਮਰੀ ਅਤੇ ਏਕਿਊਟ ਕੇਅਰ, ਲੌਂਗ-ਟਰਮ ਕੇਅਰ, ਅਸਿਸਟਿਡ ਲਿਵਿੰਗ, ਹੋਮ ਕੇਅਰ, ਮਾਨਸਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਸੰਭਾਲ, ਅਤੇ ਇਸ ਦੇ ਨਾਲ-ਨਾਲ ਸਿਹਤ ਸੰਭਾਲ ਪੇਸ਼ੇਵਰਾਂ ਦੀ ਭਰਤੀ ਅਤੇ ਉਹਨਾਂ ਨੂੰ ਕੰਮ ‘ਤੇ ਬਰਕਰਾਰ ਰੱਖਣਾ ਸ਼ਾਮਲ ਹੈ।

ਅਗਲੇ ਤਿੰਨ ਸਾਲਾਂ ਵਿੱਚ $13 ਬਿਲੀਅਨ ਦਾ ਪੂੰਜੀ ਨਿਵੇਸ਼ ਲੌਂਗ-ਟਰਮ ਕੇਅਰ, ਏਕਿਊਟ ਕੇਅਰ ਅਤੇ ਕੈਂਸਰ ਸੰਭਾਲ ਫੈਸਿਲਿਟੀਆਂ ਦੀ ਉਸਾਰੀ ਵਿੱਚ ਸਹਾਇਤਾ ਕਰੇਗਾ।

### ਕੈਂਸਰ ਸੰਭਾਲ

ਕੈਂਸਰ ਦੇ ਇਲਾਜ ਦੀ ਮੰਗ ਪਹਿਲਾਂ ਨਾਲੋਂ ਵਧ ਗਈ ਹੈ ਅਤੇ ਬੀ.ਸੀ. ਦਾ 10-ਸਾਲਾ ‘ਕੈਂਸਰ ਐਕਸ਼ਨ ਪਲੈਨ’ (Cancer Action Plan) ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਿਹਾ ਹੈ ਕਿ ਵਧੇਰੇ ਮਰੀਜ਼ਾਂ ਲਈ ਲੋੜੀਂਦੇ ਇਲਾਜ ਉਪਲਬਧ ਹੋਣ। ਇਸ ਕੰਮ ਨੂੰ ਅੱਗੇ ਵਧਾਉਣ ਲਈ, ਬੱਜਟ 2024 ਇਲਾਜ ਪ੍ਰਦਾਨ ਕਰਨ ਅਤੇ ਰੋਕਥਾਮ ਅਤੇ ਸਕ੍ਰੀਨਿੰਗ ਸੇਵਾਵਾਂ ਜਿਵੇਂ ਕਿ HPV ਵੈਕਸੀਨ ਅਤੇ ਸਰਵਿਕਲ (ਬੱਚੇਦਾਨੀ ਦਾ ਹੇਠਲਾ ਹਿੱਸਾ) ਅਤੇ ਹਰੈਡਿਟੇਰੀ (ਆਣੁਵਾਂਸ਼ਿਕ) ਕੈਂਸਰ ਦੀ ਜਾਂਚ ਨੂੰ ਮਜ਼ਬੂਤ ਕਰਨ ਲਈ $270 ਮਿਲੀਅਨ ਦਾ ਨਿਵੇਸ਼ ਕਰਦਾ ਹੈ। ਸਰ੍ਹੀ, ਬਰਨਬੀ, ਨਨਾਇਮੋ ਅਤੇ ਕੈਮਲੂਪਸ ਲਈ ਵੀ ਕੈਂਸਰ ਕੇਅਰ ਸੈਂਟਰ ਆ ਰਹੇ ਹਨ ਤਾਂ ਜੋ ਘਰ ਦੇ ਨੇੜੇ ਬਿਹਤਰ ਦੇਖਭਾਲ ਪ੍ਰਦਾਨ ਕੀਤੀ ਜਾ ਸਕੇ।

### ਬਜ਼ੁਰਗਾਂ ਲਈ ਆਪਣੇ ਘਰਾਂ ਵਿੱਚ ਅਤੇ ਕਮਿਊਨਿਟੀ ਕੇਅਰ ਸੇਵਾਵਾਂ

ਬੱਜਟ 2024 ਵਿੱਚ ਬਜ਼ੁਰਗਾਂ ਦੇ ਜੀਵਨ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਅਤੇ ਉਹਨਾਂ ਨੂੰ ਆਪਣੇ ਘਰਾਂ ਵਿੱਚ ਹੋਰ ਲੰਬੇ

ਸਮੇਂ ਤੱਕ ਰਹਿਣ ਦੇ ਸਮਰੱਥ ਬਣਾਉਣ ਲਈ ਹੇਠ ਲਿਖੀਆਂ ਸੇਵਾਵਾਂ ਵਾਸਤੇ $354 ਮਿਲੀਅਨ ਪ੍ਰਦਾਨ ਕੀਤੇ ਜਾਣਗੇ, ਤਾਂਕਿ ਬਜ਼ੁਰਗ ਉਹਨਾਂ ਸੇਵਾਵਾਂ ਤੱਕ ਪਹੁੰਚ ਜਾਰੀ ਰੱਖ ਸਕਣ ਜਿਨ੍ਹਾਂ 'ਤੇ ਉਹ ਨਿਰਭਰ ਹਨ, ਭਾਂਵੇ ਇਨ੍ਹਾਂ ਸੇਵਾਵਾਂ ਦੀ ਮੰਗ ਵਧਦੀ ਜਾ ਰਹੀ ਹੈ:

- ਰੋਜ਼ਾਨਾ ਦੀਆਂ ਗਤੀਵਿਧੀਆਂ ਜਿਵੇਂ ਕਿ ਨਹਾਉਣ, ਗਰੂਮਿੰਗ, ਕਿਤੇ ਜਾਣ ਲਈ ਚੁੱਕਣ ਅਤੇ ਛੱਡਣ ਅਤੇ ਟ੍ਰਾਂਸਫਰ, ਅਤੇ ਪੋਸ਼ਣ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ 'ਹੋਮ ਹੈਲਥ ਕੇਅਰ' ਸੇਵਾਵਾਂ ਲਈ $227 ਮਿਲੀਅਨ। ਇਹ ਸੇਵਾਵਾਂ ਨਿਯੰਤ੍ਰਿਤ ਪੇਸ਼ੇਵਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ ਨਰਸਾਂ, ਔਕਉਪੇਸ਼ਨਲ ਅਤੇ ਫਿਜ਼ਿਕਲ ਥੈਰੇਪਿਸਟ ਅਤੇ ਸੋਸ਼ਲ ਵਰਕਰ।
- ਕਮਿਊਨਿਟੀ-ਅਧਾਰਿਤ ਸੇਵਾਵਾਂ ਜਿਵੇਂ ਕਿ 'ਬੈਟਰ ਐਟ ਹੋਮ' (Better at Home) ਲਈ $127 ਮਿਲੀਅਨ, ਜਿਸ ਵਿੱਚ ਗਰੋਸਰੀ ਦੀ ਖਰੀਦਦਾਰੀ, ਹਲਕੀ-ਫੁਲਕੀ ਹਾਊਸਕੀਪਿੰਗ, ਘਰ ਦੀ ਛੋਟੀ-ਮੋਟੀ ਮੁਰੰਮਤ, ਸਨੋਅ ਹਟਾਉਣੀ, ਅਤੇ ਮੈਡੀਕਲ ਅਪੌਇੰਟਮੈਂਟਾਂ ਲਈ ਆਵਾਜਾਈ ਦੇ ਸਾਧਨ ਪ੍ਰਦਾਨ ਕਰਨ ਵਰਗੇ ਰੋਜ਼ਾਨਾ ਦੇ ਕੰਮਾਂ ਲਈ ਬਜ਼ੁਰਗਾਂ ਦੀ ਸਹਾਇਤਾ ਕੀਤੀ ਜਾਂਦੀ ਹੈ।

## ਇਨ-ਵੀਟਰੋ ਫਰਟੀਲਾਈਜ਼ੇਸ਼ਨ

- ਕਿਸੇ ਨੂੰ ਵੀ ਬੱਚਾ ਪੈਦਾ ਕਰਨ ਦੇ ਅਵਸਰ ਤੋਂ ਮਹਿਰੂਮ ਨਹੀਂ ਕੀਤਾ ਜਾਣਾ ਚਾਹੀਦਾ, ਉਹ ਭਾਂਵੇ ਕਿੰਨੇ ਵੀ ਪੈਸੇ ਕਮਾਉਂਦੇ ਹੋਣ, ਕਿਸੇ ਨੂੰ ਵੀ ਪਿਆਰ ਕਰਦੇ ਹੋਣ, ਅਤੇ ਉਨ੍ਹਾਂ ਦਾ ਕੋਈ ਸਾਥੀ ਹੋਵੇ ਜਾਂ ਨਾ। ਪਰ ਬਹੁਤ ਸਾਰੇ ਲੋਕ ਮਦਦ ਤੋਂ ਬਿਨਾਂ ਗਰਭਵਤੀ ਨਹੀਂ ਹੋ ਸਕਦੇ। ਬੀ.ਸੀ. ਵਿੱਚ ਇੱਕ ਨਵਾਂ ਜਨਤਕ ਤੌਰ 'ਤੇ ਫੰਡ ਪ੍ਰਾਪਤ 'ਇਨ-ਵੀਟਰੋ ਫਰਟੀਲਾਈਜ਼ੇਸ਼ਨ' ਪ੍ਰੋਗਰਾਮ ਅਪ੍ਰੈਲ 2025 ਤੋਂ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਵਿੱਚ ਇੱਕ ਵਾਰ ਦੇ ਫਰਟੀਲਾਈਜ਼ੇਸ਼ਨ ਸਾਈਕਲ ਲਈ ਇਲਾਜ ਅਤੇ ਦਵਾਈਆਂ ਦੋਵਾਂ ਲਈ ਫੰਡਿੰਗ ਉਪਲਬਧ ਕਰਾਈ ਜਾਵੇਗੀ। ਬੱਜਟ 2024 ਵਿੱਚ ਇਸ ਲਈ ਕੁੱਲ $68 ਮਿਲੀਅਨ ਨਿਰਧਾਰਿਤ ਕੀਤੇ ਗਏ ਹਨ।

## ਮਾਨਸਿਕ ਸਿਹਤ ਅਤੇ ਨਸ਼ਾਖੋਰੀ ਸੰਬੰਧੀ ਸੇਵਾਵਾਂ

ਜਲਵਾਯੂ ਐਮਰਜੈਂਸੀਆਂ ਤੋਂ ਲੈ ਕੇ ਕੋਵਿਡ-19 ਮਹਾਂਮਾਰੀ ਅਤੇ ਜ਼ਹਿਰੀਲੇ-ਨਸ਼ੀਲੇ ਪਦਾਰਥਾਂ ਦੇ ਸੰਕਟ ਤੱਕ, ਲੋਕ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਦੇ ਦੌਰ ਵਿੱਚੋਂ ਲੰਘ ਰਹੇ ਹਨ, ਜਿਸ ਕਾਰਨ ਮਾਨਸਿਕ-ਸਿਹਤ ਸੰਬੰਧੀ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਮੰਗ ਵੀ ਵਧ ਗਈ ਹੈ। ਬੱਜਟ 2024 ਵਿੱਚ, ਹੇਠ ਲਿਖੀਆਂ ਸੇਵਾਵਾਂ ਵਿੱਚ ਵਾਧਾ ਕਰਨ ਅਤੇ ਲੋਕਾਂ ਨੂੰ ਸ਼ਰਮਿੰਦਗੀ ਦੇ ਡਰ ਕਾਰਨ ਮਦਦ ਲੈਣ ਦੀ ਝਿਜਕ ਤੋਂ ਬਾਹਰ ਲਿਆਉਣ ਵਰਗੇ ਸੂਬੇ ਦੇ ਕੰਮਾਂ ਨੂੰ ਅੱਗੇ ਵਧਾਉਣਾ ਸ਼ਾਮਲ ਹੈ:

- 300 ਤੋਂ ਵੱਧ ਹੈਲਥ ਅਥੌਰਿਟੀ ਅਤੇ ਕਮਿਊਨਿਟੀ ਕੇਅਰ ਫੈਸਿਲਿਟੀਆਂ ਵਿੱਚ 2,200 ਕਮਿਊਨਿਟੀ ਮੈਂਟਲ ਹੈਲਥ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਇਲਾਜ ਲਈ ਬੈੱਡਾਂ ਲਈ ਫੰਡਿੰਗ ਨੂੰ ਜਾਰੀ ਰੱਖਣ ਵਾਸਤੇ $117 ਮਿਲੀਅਨ।
- ਓਵਰਡੋਜ਼ ਦੀ ਰੋਕਥਾਮ ਲਈ 49 ਸਾਈਟਾਂ 'ਤੇ ਮੌਜੂਦਾ 'ਹਾਰਮ ਰਿਡਕਸ਼ਨ' (ਨੁਕਸਾਨ ਘਟਾਉਣ ਲਈ ਕੀਤੀਆਂ ਕਾਰਵਾਈਆਂ) ਦੀਆਂ ਪਹਿਲਕਦਮੀਆਂ, ਨਸ਼ੀਲੇ ਪਦਾਰਥਾਂ ਦੀ ਜਾਂਚ, ਅਤੇ ਨੈਲੋਕਸੋਨ ਕਿੱਟਾਂ ਨੂੰ ਵੰਡਣ ਵਿੱਚ ਮਦਦ ਕਰਨ ਲਈ $49 ਮਿਲੀਅਨ।
- ਮੌਜੂਦਾ 'ਪੀਅਰ-ਅਸਿਸਟਡ ਕੇਅਰ' ਉਹ ਪ੍ਰਕਿਰਿਆ ਜਿਸ ਰਾਹੀਂ ਲੋਕ ਇੱਕੋ ਜਿਹੇ ਤਜਰਬੇ ਸਾਂਝੇ ਕਰਦੇ ਹਨ ਅਤੇ ਉਹਨਾਂ ਦੇ ਆਧਾਰ 'ਤੇ ਮਦਦ ਪ੍ਰਾਪਤ ਕਰਦੇ ਹਨ) ਟੀਮਾਂ ਅਤੇ 'ਮੋਬਾਈਲ ਇੰਟਿਗ੍ਰੇਟਡ ਕ੍ਰਾਇਸਿਸ ਰਿਸਪੌਂਸ' ਟੀਮਾਂ ਨੂੰ ਫੰਡ ਦੇਣ ਲਈ $39 ਮਿਲੀਅਨ।
- ਇਲਾਜ ਅਤੇ ਰਿਕਵਰੀ ਪ੍ਰੋਗਰਾਮਾਂ ਦੇ ਵਿਕਾਸ ਅਤੇ ਲਾਗੂ ਕਰਨ ਲਈ $10 ਮਿਲੀਅਨ।

ਸੂਬੇ ਦੀ ਕੈਪਿਟਲ ਪਲੈਨ ਦੁਆਰਾ, ਵਧੇਰੇ ਫੰਡਿੰਗ ਇਲਾਜ ਅਤੇ ਰਿਕਵਰੀ ਬੈੱਡਾਂ ਲਈ ਸਹਾਇਤਾ ਕਰੇਗੀ, ਜਿਸ ਵਿੱਚ 'ਰੈੱਡ ਫਿਸ਼ ਹੀਲਿੰਗ' (Red Fish Healing) ਮੌਡਲ ਦੇ ਕੰਮ ਵਿੱਚ ਵਾਧਾ ਕਰਨਾ ਸ਼ਾਮਲ ਹੈ।

## K-12 ਸਿੱਖਿਆ

2023 ਵਿੱਚ ਸਕੂਲਾਂ ਵਿੱਚ ਦਾਖਲੇ ਵਿੱਚ ਇਤਿਹਾਸਕ ਵਾਧਾ ਹੋਇਆ, ਜਿਸ ਵਿੱਚ 13,000 ਹੋਰ ਵਿਦਿਆਰਥੀ ਸ਼ਾਮਲ ਹੋਏ। ਬੱਜਟ 2024 ਵਿੱਚ, ਇਸ ਵਾਧੇ ਨੂੰ ਦੇਖਦੇ ਹੋਏ ਕਲਾਸਰੂਮਾਂ ਵਿੱਚ ਵਧੇਰੇ ਸਟਾਫ਼ ਦੀ ਨਿਯੁਕਤੀ ਲਈ $968 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ। ਸਪੈਸ਼ਲ ਐਜੂਕੇਸ਼ਨ ਟੀਚਰਾਂ, ਟੀਚਰ ਸਾਈਕੌਲੋਜਿਸਟ, ਅਤੇ ਕਾਊਂਸਲਰਾਂ ਸਮੇਤ ਵਧੇਰੇ ਅਧਿਆਪਕਾਂ ਦੀ ਨਿਯੁਕਤੀ ਕਰਨ ਲਈ 'ਕਲਾਸਰੂਮ ਇਨਹਾਂਸਮੈਂਟ ਫੰਡ' (Classroom Enhancement Fund) ਲਈ $255 ਮਿਲੀਅਨ ਦੇ ਨਿਵੇਸ਼ ਨਾਲ ਵਿਦਿਆਰਥੀਆਂ ਨੂੰ ਬਿਹਤਰ ਸਹਾਇਤਾ ਦਿੱਤੀ ਜਾਵੇਗੀ।

ਸੂਬੇ ਦੇ ਕੈਪਿਟਲ ਪਲੈਨ ਦੇ ਹਿੱਸੇ ਵਜੋਂ, ਅਗਲੇ ਤਿੰਨ ਸਾਲਾਂ ਦੌਰਾਨ ਸਕੂਲ ਅਤੇ ਖੇਡ ਦੇ ਮੈਦਾਨ ਬਣਾਉਣ ਲਈ, ਉਨ੍ਹਾਂ ਦੀ ਮੁਰੰਮਤ ਕਰਨ ਲਈ ਅਤੇ ਭੂਚਾਲ ਤੋਂ ਬਚਾਅ ਦੀਆਂ ਅਪਗ੍ਰੇਡ ਕਰਨ ਲਈ ਖਾਸ ਤੌਰ 'ਤੇ $4.2 ਬਿਲੀਅਨ ਨਿਰਧਾਰਿਤ ਕੀਤੇ ਗਏ ਹਨ।

## ਨਿਆਂ ਅਤੇ ਜਨਤਕ ਸੁਰੱਖਿਆ

ਬੱਜਟ 2024 ਰਾਹੀਂ, ਲੋਕਾਂ ਨੂੰ ਸੁਰੱਖਿਅਤ ਰੱਖਣ ਅਤੇ ਭਾਈਚਾਰਿਆਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਨ ਲਈ $398 ਮਿਲੀਅਨ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਨਵੇਂ ਨਿਵੇਸ਼ ਨਾਲ 'ਅਰਲੀ ਰੈਜ਼ੋਲੂਸ਼ਨ ਮੌਡਲ' (ਜਦੋਂ ਝਗੜਿਆਂ ਨੂੰ ਸੁਲਝਾਉਣ ਵਿੱਚ ਜਾਣਕਾਰੀ ਅਤੇ ਸਹਾਇਤਾ ਤੱਕ ਛੇਤੀ ਪਹੁੰਚ ਕਰਨ ਵਿੱਚ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ ਅਤੇ ਅਦਾਲਤ ਵਿੱਚ ਜਾਣ ਵਾਲੇ ਕੇਸਾਂ ਲਈ ਜਲਦੀ ਤਿਆਰੀ ਕੀਤੀ ਜਾਂਦੀ ਹੈ) ਅਤੇ ਲੀਗਲ ਏਡ (ਕਨੂੰਨੀ ਸਹਾਇਤਾ) ਸੇਵਾਵਾਂ ਵਿੱਚ ਵਾਧਾ ਹੋਵੇਗਾ ਅਤੇ ਪਰਿਵਾਰਾਂ ਦੀ ਨਿਆਂ ਪ੍ਰਣਾਲੀ ਤੱਕ ਬਿਹਤਰ ਪਹੁੰਚ ਹੋ ਸਕੇਗੀ। 'ਅਰਲੀ ਰੈਜ਼ੋਲੂਸ਼ਨ ਮੌਡਲ' ਵਿੱਚ ਫੈਮਿਲੀ ਲਾਅ ਦੇ ਕੇਸਾਂ ਨੂੰ ਸਮੇਂ ਸਿਰ ਹੱਲ ਕਰਨ ਲਈ ਮੀਡੀਏਸ਼ਨ ਦੀ ਮਦਦ ਲਈ ਜਾਂਦੀ ਹੈ ਅਤੇ ਅਦਾਲਤ ਵਿੱਚ ਜਾਣ ਵਾਲੇ ਫੈਮਿਲੀ ਲਾਅ ਦੇ ਕੇਸਾਂ ਦੀ ਗਿਣਤੀ ਨੂੰ ਘਟਾਉਣ ਵਿੱਚ ਵੀ ਮਦਦ ਮਿਲਦੀ ਹੈ। ਕਨੂੰਨੀ ਸਹਾਇਤਾ ਸੇਵਾਵਾਂ ਲਈ ਫੰਡਿੰਗ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਨੂੰ ਸਮਰਪਿਤ ਇੱਕ ਨਵਾਂ ਪਰਿਵਾਰਕ ਕਨੂੰਨ ਕਲੀਨਿਕ ਸਥਾਪਤ ਕਰਨ ਅਤੇ ਹਰ ਸਾਲ ਹਜ਼ਾਰਾਂ ਹੋਰ ਪਰਿਵਾਰਾਂ ਦੀ ਸੇਵਾ ਕਰਨ ਵਿੱਚ ਮਦਦ ਕਰਨ ਲਈ ਕਨੂੰਨੀ ਸਹਾਇਤਾ ਸੇਵਾਵਾਂ ਤੱਕ ਪਹੁੰਚ ਦਾ ਵਿਸਤਾਰ ਕਰਨ ਵਿੱਚ ਸਹਾਇਤਾ ਕਰੇਗੀ।

ਇਸ ਤੋਂ ਇਲਾਵਾ, ਵਧੇਰੇ ਫੰਡਿੰਗ ਨਾਲ ਕਈ ਤਰ੍ਹਾਂ ਦੇ ਜ਼ਰੂਰੀ ਜਨਤਕ ਸੁਰੱਖਿਆ ਦੇ ਪ੍ਰੋਗਰਾਮਾਂ ਲਈ ਵੀ ਸਹਾਇਤਾ ਮਿਲੇਗੀ, ਜਿਵੇਂ ਕਿ ਕੋਰੈਕਸ਼ਨ ਸੈਂਟਰ, ਬੀ ਸੀ ਕੋਰੋਨਰਜ਼ ਸਰਵਿਸ (BC Coroners Service), ਅਤੇ ਰੋਡ ਸੇਫਟੀ ਬੀ ਸੀ (RoadSafetyBC) ਪ੍ਰੋਗਰਾਮ ਆਦਿ।

## ਉਹਨਾਂ ਲੋਕਾਂ ਲਈ ਮਦਦ ਜਿਨ੍ਹਾਂ ਨੂੰ ਦੇਖਭਾਲ ਅਤੇ ਸਹਾਇਤਾ ਦੀ ਲੋੜ ਹੈ

ਬੱਜਟ 2024 ਵਿੱਚ ਦੇਖਭਾਲ ਜਾਂ ਸਹਾਇਤਾ ਦੀਆਂ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਮਦਦ ਸ਼ਾਮਲ ਹੈ। ਇਸ ਵਿੱਚ ਬੱਚਿਆਂ ਲਈ ਹੋਰ ਤਰੀਕਿਆਂ ਨਾਲ ਦੇਖਭਾਲ ਦੇ ਪ੍ਰਬੰਧ ਕਰਨ ਲਈ (alternative care arrangements) $114 ਮਿਲੀਅਨ ਸ਼ਾਮਲ ਹਨ, ਜਿਸ ਨਾਲ ਨਵੇਂ ਸਟਾਫ਼ ਦੇ ਨਾਲ ਚਾਈਲਡ ਵੈਲਫੇਅਰ ਸਿਸਟਮ (ਬਾਲ ਕਲਿਆਣ ਪ੍ਰਣਾਲੀ) ਵਿੱਚ ਫਰੰਟ-ਲਾਈਨ ਸਹਾਇਤਾ ਵਿੱਚ ਸੁਧਾਰ ਹੋਵੇਗਾ। ਇਸ ਵਿੱਚ ਇੰਡੀਜਨਸ (ਮੂਲ-ਨਿਵਾਸੀ) ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਕਰਨ ਵਾਲੇ ਰੂਟਸ (roots) ਵਰਕਰ ਵੀ ਸ਼ਾਮਲ ਹਨ।

ਤਿੰਨ ਸਾਲਾਂ ਵਿੱਚ $30 ਮਿਲੀਅਨ ਦੀ ਨਵੀਂ ਫੰਡਿੰਗ ਨਾਲ K-12 ਸਕੂਲ ਸਿਸਟਮ ਵਿੱਚ ਡਿਸਲੈਕਸੀਆ (dyslexia) ਵਾਲੇ ਬੱਚਿਆਂ ਅਤੇ ਇਸ ਨਾਲ ਸੰਬੰਧਿਤ ਸਿਖਲਾਈ ਦੀਆਂ ਵੱਖੋ-ਵੱਖਰੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਮਿਲੇਗੀ। ਇਸ ਨਾਲ ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਲਈ 'ਅਰਲੀ ਲਿੱਟਰੇਸੀ ਸਕ੍ਰੀਨਿੰਗ', ਅਧਿਆਪਕਾਂ ਅਤੇ ਸਹਾਇਕ ਸਟਾਫ਼ ਨੂੰ ਆਪਣੀ ਪ੍ਰੋਫੈਸ਼ਨਲ ਡਿਵੈਲਪਮੈਂਟ ਬਿਹਤਰ ਢੰਗ ਨਾਲ ਕਰਨ ਵਿੱਚ ਮਦਦ ਮਿਲੇਗੀ; ਅਤੇ ਇੰਟਰਵੈਨਸ਼ਨ ਅਤੇ ਆਊਟਰੀਚ ਪ੍ਰੋਗਰਾਮ ਪ੍ਰਦਾਨ ਕੀਤੇ ਜਾਣਗੇ। ਇੱਕ ਵਾਰ ਪ੍ਰੋਗਰਾਮ ਦੇ ਪੂਰੀ ਤਰ੍ਹਾਂ ਸ਼ੁਰੂ ਹੋ ਕੇ ਚੱਲ ਪੈਣ ਤੋਂ ਬਾਅਦ, ਅਸੀਂ ਉਮੀਦ ਕਰਦੇ ਹਾਂ ਕਿ ਇਹਨਾਂ ਨਵੀਆਂ ਸਹਾਇਤਾਵਾਂ ਦੇ ਨਾਲ ਹਰ ਸਾਲ ਲਗਭਗ 9,000 ਵਿਦਿਆਰਥੀਆਂ ਨੂੰ ਲਾਭ ਹੋਵੇਗਾ।

$26 ਮਿਲੀਅਨ ਦੀ ਨਵੀਂ ਫੰਡਿੰਗ ਨਾਲ 2024-25 ਵਿੱਚ ਕੁੱਲ 28,000 ਬੱਚਿਆਂ ਅਤੇ ਨੌਜਵਾਨਾਂ ਲਈ ਔਟਿਜ਼ਮ ਦਾ ਪਤਾ ਲਗਾਉਣ ਜਾਂ ਸਿਹਤ ਸੰਬੰਧੀ ਕੰਪਲੈਕਸ (ਗੁੰਝਲਦਾਰ) ਲੋੜਾਂ ਵਾਲੇ 2,800 ਹੋਰ ਬੱਚਿਆਂ ਅਤੇ ਨੌਜਵਾਨਾਂ ਨੂੰ ਸਹਾਇਤਾ ਮਿਲੇਗੀ। ਇਸ ਫੰਡਿੰਗ ਨਾਲ ਪਰਿਵਾਰਾਂ ਨੂੰ ਮੈਡੀਕਲ ਬੈਨੀਫਿਟ (Medical Benefits) ਪ੍ਰੋਗਰਾਮ ਦੇ ਹਿੱਸੇ ਵਜੋਂ, ਹੁਨਰ ਵਿਕਾਸ (skills development) ਨੂੰ ਉਤਸ਼ਾਹਤ ਕਰਨ ਵਾਲੀਆਂ ਯੋਗ ਸੇਵਾਵਾਂ ਅਤੇ ਸਹਾਇਤਾਵਾਂ ਤੱਕ ਪਹੁੰਚ ਕਰਨ ਵਿੱਚ ਵੀ ਮਦਦ ਮਿਲੇਗੀ।

'ਕਮਿਊਨਿਟੀ ਲਿਵਿੰਗ ਬੀ ਸੀ' (Community Living BC) ਲਈ $105 ਮਿਲੀਅਨ ਦੀ ਵਧੇਰੇ ਸਹਾਇਤਾ ਨਾਲ ਵਿਕਾਸ-ਸਬੰਧੀ ਅਪੰਗਤਾਵਾਂ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ, ਕਲਾਇੰਟਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਪ੍ਰਬੰਧਨ ਕਰਨ ਲਈ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਮਿਲੇਗੀ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724

# ਪਿੱਠਭੂਮੀ

## ਇੱਕ ਵਧੇਰੇ ਮਜ਼ਬੂਤ, ਅਤੇ ਵਾਤਾਵਰਨ ਪੱਖੋਂ ਸਾਫ਼-ਸੁਥਰੀ ਆਰਥਿਕਤਾ ਦਾ ਨਿਰਮਾਣ ਕਰਨਾ ਜੋ ਸਾਰਿਆਂ ਲਈ ਬਿਹਤਰ ਕੰਮ ਕਰਦੀ ਹੈ

ਬੱਜਟ 2024 ਜਲਵਾਯੂ ਐਮਰਜੈਂਸੀਆਂ ਦੇ ਪ੍ਰਭਾਵਾਂ ਨੂੰ ਘੱਟ ਕਰਨ ਅਤੇ ਉਹਨਾਂ ਲਈ ਬਿਹਤਰ ਤਿਆਰ ਰਹਿਣ ਲਈ, ਵਾਤਾਵਰਨ ਪੱਖੋਂ ਇੱਕ ਸਾਫ਼-ਸੁਥਰੀ ਆਰਥਿਕਤਾ ਦਾ ਨਿਰਮਾਣ ਕਰਨ, ਅਤੇ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਲੋਕ ਇਸ ਸਮੇਂ ਕਰ ਰਹੇ ਹਨ, ਉਹਨਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ, ਨਵੇਂ ਉਪਰਾਲਿਆਂ ਲਈ $1.3 ਬਿਲੀਅਨ ਪ੍ਰਦਾਨ ਕਰ ਰਿਹਾ ਹੈ।

### ਜਲਵਾਯੂ ਐਮਰਜੈਂਸੀਆਂ ਨਾਲ ਨਜਿੱਠਣਾ

2021 ਵਿੱਚ ਰਿਕਾਰਡ-ਤੋੜ ਹੜ੍ਹਾਂ ਤੋਂ ਲੈ ਕੇ 2023 ਵਿੱਚ ਅਸਧਾਰਨ ਸੋਕੇ ਅਤੇ ਜੰਗਲੀ ਅੱਗਾਂ ਤੱਕ, ਸੂਬੇ ਨੇ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਦਾ ਸਿੱਧਾ ਅਨੁਭਵ ਕੀਤਾ ਹੈ। ਸਰਕਾਰ ਭਵਿੱਖ ਦੀਆਂ ਜਲਵਾਯੂ ਐਮਰਜੈਂਸੀਆਂ ਲਈ ਤਿਆਰੀ ਰਹਿਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਸੂਬੇ ਦੀ ਸਮਰੱਥਾ ਨੂੰ ਵਧਾਉਣ ਵਾਸਤੇ ਚਾਰ ਸਾਲਾਂ ਵਿੱਚ ਕੁੱਲ $405 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।

ਬੀ.ਸੀ. ਵਿੱਚ ਰਿਕਾਰਡ-ਤੋੜ ਜੰਗਲੀ ਅੱਗਾਂ ਦੇ ਮੌਸਮ ਤੋਂ ਬਾਅਦ, ਬੱਜਟ 2024 ਜੰਗਲੀ ਅੱਗਾਂ ਲਈ ਵਧੇਰੇ ਜਵਾਬੀ ਪ੍ਰਤਿਕਿਰਿਆ, ਮੁੜ-ਬਹਾਲੀ ਅਤੇ ਬੁਨਿਆਦੀ ਢਾਂਚਿਆਂ ਲਈ ਸਰੋਤਾਂ ਦੇ ਰੂਪ ਵਿੱਚ ਸਹਿਯੋਗ ਦੇਣ ਲਈ ਔਪਰੇਟਿੰਗ ਫੰਡਿੰਗ ਦੇ ਤੌਰ ਤੇ $154 ਮਿਲੀਅਨ ਅਤੇ ਕੈਪਿਟਲ ਫੰਡਿੰਗ ਵਿੱਚ $21 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ, ਜਿਸ ਵਿੱਚ ਸ਼ਾਮਲ ਹੈ:

- ਹੈਲੀਕੌਪਟਰ ਅਤੇ ਏਅਰ-ਟੈਂਕਰ ਸੇਵਾਵਾਂ ਲਈ ਵਧਾਈ ਗਈ ਕੌਨਟ੍ਰੈਕਟ ਫੰਡਿੰਗ ਦੁਆਰਾ ਏਵੀਏਸ਼ਨ ਦੀ ਤਿਆਰੀ ਅਤੇ ਪ੍ਰਤਿਕਿਰਿਆ ਲਈ $56 ਮਿਲੀਅਨ;
- ਉਦਯੋਗ ਅਤੇ ਕਮਿਊਨਿਟੀ ਕੇਂਦਰਿਤ ਜੰਗਲੀ ਅੱਗਾਂ ਦੇ ਖਤਰੇ ਨੂੰ ਘਟਾਉਣ ਅਤੇ ਫ਼ਿਊਲ ਪ੍ਰਬੰਧਨ ਨੂੰ ਜਾਰੀ ਰੱਖਣ ਲਈ ਫ਼ੌਰੈਸਟ ਇਨਹੈਂਸਮੈਂਟ ਸੁਸਾਇਟੀ ਔਫ ਬੀ ਸੀ (Forest Enhancement Society of BC) ਲਈ $60 ਮਿਲੀਅਨ;
- ਸਾਲ ਭਰ ਉਪਲਬਧ ਸਥਿਰ ਸਰੋਤਾਂ ਵਿੱਚ ਮਦਦ ਲਈ $38 ਮਿਲੀਅਨ, ਜਿਸ ਵਿੱਚ ਫਾਇਰ ਕਰੂ ਲੀਡਰ ਅਤੇ ਫਰੰਟ ਲਾਈਨ ਸਟਾਫ ਸ਼ਾਮਲ ਹਨ ਜੋ ਢਾਂਚਿਆਂ ਦੀ ਸੁਰੱਖਿਆ, ਰੋਕਥਾਮ ਅਤੇ ਜੋਖਮ ਘਟਾਉਣ, ਅਤੇ ਜੰਗਲੀ ਅੱਗ ਦੀ ਜ਼ਮੀਨ-ਅਧਾਰਤ ਰਿਕਵਰੀ ਪ੍ਰਦਾਨ ਕਰਦੇ ਹਨ; ਅਤੇ
- ਪ੍ਰਿੰਸ ਜੌਰਜ ਵਿੱਚ ਸਾਜ਼ੋ-ਸਮਾਨ ਲਈ ਇੱਕ ਨਵੇਂ ਡਿਪੂ ਵਾਸਤੇ $21 ਮਿਲੀਅਨ।

ਬੱਜਟ 2024 ਕੌਲ ਸੈਂਟਰ ਅਤੇ ਔਨ-ਸਾਈਟ ਸਟਾਫ਼ ਰਾਹੀਂ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਾਪਤ ਕਰਨ ਲਈ 'ਇਵੈਕਿਉਈ' (ਉਹ ਲੋਕ ਜਿਨ੍ਹਾਂ ਨੂੰ ਕਿਸੇ ਕੁਦਰਤੀ ਆਫਤ ਕਾਰਨ ਆਪਣਾ ਘਰ ਛੱਡਣਾ ਪਿਆ ਹੋਵੇ) ਲੋਕਾਂ ਲਈ ਸਹਾਇਤਾ ਨੂੰ ਵੀ ਵਧਾਉਂਦਾ ਹੈ। ਬੱਜਟ ਵਿੱਚ ਜਵਾਬੀ ਪ੍ਰਤਿਕਿਰਿਆ ਅਤੇ ਮੁੜ-ਬਹਾਲੀ ਦੇ ਪ੍ਰੋਗਰਾਮਾਂ ਦੇ ਸਾਲ ਭਰ ਉਪਲਬਧ ਹੋਣ ਨੂੰ ਉਤਸ਼ਾਹਤ ਕਰਨ, ਜਿਵੇਂ ਕਿ ਸੂਬਾਈ ਅਤੇ ਖੇਤਰੀ ਔਪਰੇਸ਼ਨ ਸੈਂਟਰਾਂ ਨੂੰ ਸਹਿਯੋਗ ਦੇਣਾ ਅਤੇ ਮਹੱਤਵਪੂਰਨ ਕਮਿਊਨੀਕੇਸ਼ਨ ਦਾ ਬਿਹਤਰ ਤਾਲਮੇਲ ਕਰਨਾ ਜੋ

ਨਿਵਾਸੀਆਂ ਨੂੰ ਆਉਣ ਵਾਲੇ ਖਤਰਿਆਂ ਅਤੇ ਆਫ਼ਤਾਂ ਦੌਰਾਨ ਘਰਾਂ ਨੂੰ ਛੱਡਣ ਦੇ ਆਦੇਸ਼ਾਂ ਬਾਰੇ ਸੁਚੇਤ ਕਰਦੇ ਹਨ, ਲਈ $18 ਮਿਲੀਅਨ ਸ਼ਾਮਲ ਹਨ।

ਹੜ੍ਹਾਂ ਦੇ ਖਤਰਿਆਂ ਨੂੰ ਘਟਾਉਣ ਅਤੇ ਸੋਕੇ ਪ੍ਰਤੀ ਸਹਿਣਸ਼ੀਲਤਾ ਨੂੰ ਮਜ਼ਬੂਤ ਕਰਨ ਲਈ ਬੁਨਿਆਦੀ ਢਾਂਚੇ ਦੇ ਤਰਜੀਹੀ ਪ੍ਰੋਜੈਕਟਾਂ ਅਤੇ ਪ੍ਰੋਗਰਾਮਾਂ ਨੂੰ $234 ਮਿਲੀਅਨ ਪ੍ਰਾਪਤ ਹੋਣਗੇ, ਜਿਸ ਵਿੱਚ ਸ਼ਾਮਲ ਹਨ:

- ਖੇਤੀਬਾੜੀ ਅਤੇ ਸਿੰਚਾਈ ਦੇ ਉਦੇਸ਼ਾਂ ਲਈ ਵਧੇਰੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਾਣੀ ਦਾ ਪ੍ਰਬੰਧਨ, ਪਾਣੀ ਨੂੰ ਇਕੱਠਾ ਕਰਨ, ਪਾਣੀ ਨੂੰ ਟ੍ਰਾਂਸਪੋਰਟ ਕਰਨ ਅਤੇ ਸਟੋਰ ਕਰਨ ਵਿੱਚ ਮਦਦ ਕਰਨ ਲਈ 'ਐਗਰੀਕਲਚਰ ਇੰਫ੍ਰਾਸਟ੍ਰਕਚਰ ਪ੍ਰੋਗਰਾਮ' (Agriculture Water Infrastructure Program) ਦਾ ਵਿਸਤਾਰ ਕਰਨ ਲਈ $83 ਮਿਲੀਅਨ – ਤਾਂ ਜੋ ਲੋਕਾਂ ਅਤੇ ਪਸ਼ੂਆਂ ਲਈ ਭੋਜਨ ਦੇ ਸਰੋਤਾਂ ਨੂੰ ਸੁਰੱਖਿਅਤ ਕਰਨਾ ਯਕੀਨੀ ਬਣਾਇਆ ਜਾ ਸਕੇ;
- ਬੀ.ਸੀ. ਭਰ ਵਿੱਚ 21 ਭਾਈਚਾਰਿਆਂ ਵਿੱਚ 'ਵਾਟਰ ਮੀਟਰਿੰਗ' (ਪਾਣੀ ਦੀ ਖਪਤ ਅਤੇ ਪ੍ਰਵਾਹ ਨੂੰ ਮਾਪਣਾ) ਪਾਇਲਟ ਪ੍ਰੋਗਰਾਮਾਂ ਲਈ $50 ਮਿਲੀਅਨ। ਇਹ ਪ੍ਰੋਗਰਾਮ ਪਾਣੀ ਦੀ ਬਿਹਤਰ ਸੰਭਾਲ, ਲੀਕ ਦੀ ਪਛਾਣ ਕਰਨ, ਅਤੇ ਉਪਭੋਗਤਾਵਾਂ ਨੂੰ ਉਹਨਾਂ ਦੀ ਪਾਣੀ ਦੀ ਅਸਲ ਵਰਤੋਂ ਬਾਰੇ ਜਾਣਕਾਰੀ ਦੇਣ ਦੇ ਉਦੇਸ਼ ਨਾਲ ਇੱਕ ਸਰਵ-ਵਿਆਪਕ ਵਾਟਰ ਮੀਟਰਿੰਗ ਪ੍ਰੋਗਰਾਮ ਸਥਾਪਤ ਕਰਨ ਦੀ ਸੰਭਾਵਨਾ ਵਿੱਚ ਯੋਗਦਾਨ ਪਾਉਣਗੇ;
- ਐਬਟਸਫੋਰਡ ਵਿੱਚ ਬੈਰੋਟਾਊਨ ਪੰਪ ਸਟੇਸ਼ਨ ਨੂੰ ਅੱਪਗ੍ਰੇਡ ਕਰਨ ਲਈ $77 ਮਿਲੀਅਨ;
- 50 ਸਾਲ ਪੁਰਾਣੇ ਕਾਊਚਨ ਲੇਕ ਵੀਅਰ (Cowichan Lake Weir) ਨੂੰ ਬਦਲਣ ਵਿੱਚ ਮਦਦ ਲਈ $14 ਮਿਲੀਅਨ; ਅਤੇ
- ਡੈਮ ਦੀ ਉਚਾਈ ਨੂੰ ਵਧਾ ਕੇ ਪਾਣੀ ਦੀ ਸਟੋਰੇਜ ਸਮਰੱਥਾ ਨੂੰ ਵਧਾਉਣ ਲਈ ਸੌਲਟ ਸਪ੍ਰਿੰਗ ਆਇਲੈਂਡ 'ਤੇ 'ਸੇਂਟ ਮੈਰੀ ਲੇਕ' ਦੇ ਲੋੜੀਂਦੇ ਵਾਤਾਵਰਨਿਕ ਪਾਣੀ ਦੇ ਵਹਾਅ ਨੂੰ ਬਿਹਤਰ ਢੰਗ ਨਾਲ ਬਰਕਰਾਰ ਰੱਖਣ ਲਈ $10 ਮਿਲੀਅਨ।

## ਕਲੀਨ ਬੀ ਸੀ (CleanBC) ਅਤੇ ਵਾਤਾਵਰਨ ਪੱਖੋਂ ਸਾਫ਼-ਸੁਥਰੀ ਆਰਥਿਕਤਾ ਨੂੰ ਅੱਗੇ ਵਧਾਉਣਾ

ਬੀ.ਸੀ. 'ਕਲੀਨ ਬੀ ਸੀ ਰੋਡਮੈਪ' ਦੁਆਰਾ 2030 ਤੱਕ ਜਲਵਾਯੂ ਕਾਰਵਾਈ ਅਤੇ ਨੌਕਰੀਆਂ ਵਿੱਚ ਸਥਿਰ ਵਾਧੇ ਦੀ ਅਗਵਾਈ ਕਰਨਾ ਜਾਰੀ ਰੱਖ ਰਿਹਾ ਹੈ। ਬੱਜਟ 2024 ਵਾਤਾਵਰਨ ਪੱਖੋਂ ਸਾਫ਼ ਆਵਾਜਾਈ, ਊਰਜਾ-ਕੁਸ਼ਲ ਇਮਾਰਤਾਂ ਅਤੇ ਭਾਈਚਾਰਿਆਂ ਲਈ ਗ੍ਰਾਂਟ ਅਤੇ ਛੋਟ ਪ੍ਰੋਗਰਾਮਾਂ ਨੂੰ ਫੰਡ ਦੇਣਾ ਜਾਰੀ ਰੱਖਣ ਲਈ $318 ਮਿਲੀਅਨ ਨਾਲ ਸੂਬੇ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ, ਅਤੇ ਇੱਕ ਘੱਟ-ਕਾਰਬਨ ਆਰਥਿਕਤਾ ਵਿੱਚ ਤਬਦੀਲੀ ਨੂੰ ਉਤਸ਼ਾਹਤ ਕਰਦਾ ਹੈ।

$93 ਮਿਲੀਅਨ ਦੀ ਅਲੱਗ ਪੂੰਜੀ ਲੋਕਾਂ ਅਤੇ ਭਾਈਚਾਰਿਆਂ ਦੀ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰੇਗਾ:

- ਕਿਫ਼ਾਇਤੀ, ਵਾਤਾਵਰਨ ਪੱਖੋਂ ਸਾਫ-ਸੁਥਰੀ ਊਰਜਾ ਤੱਕ ਪਹੁੰਚ ਪ੍ਰਦਾਨ ਕਰਨ ਲਈ ਘੱਟ ਅਤੇ ਮੱਧ ਆਮਦਨ ਵਾਲੇ ਪਰਿਵਾਰਾਂ ਲਈ ਵਧੇਰੇ ਹੀਟ ਪੰਪ ਛੋਟਾਂ ਲਈ $40 ਮਿਲੀਅਨ;
- ਭਾਈਚਾਰਿਆਂ ਨੂੰ 'ਐਕਟਿਵ ਟ੍ਰਾਂਸਪੋਰਟੇਸ਼ਨ' (ਅਜਿਹੀ ਆਵਾਜਾਈ ਜਿਸ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਪਣੀ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਪੈਦਲ ਤੁਰਨਾ, ਸਾਈਕਲ ਚਲਾਉਣਾ ਆਦਿ) ਗ੍ਰਾਂਟਾਂ ਲਈ $20 ਮਿਲੀਅਨ;
- ਇਲੈਕਟ੍ਰਿਕ ਵਾਹਨ ਪਬਲਿਕ ਚਾਰਜਿੰਗ ਲਈ ਬੁਨਿਆਦੀ ਢਾਂਚੇ ਨੂੰ ਲਾਗੂ ਕਰਨਾ ਜਾਰੀ ਰੱਖਣ ਲਈ $30 ਮਿਲੀਅਨ।
- ਜਲਵਾਯੂ ਕਾਰਵਾਈ ਪਹਿਲਕਦਮੀਆਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਸਹਿਯੋਗ ਦੇਣ ਲਈ $3 ਮਿਲੀਅਨ।

ਇਸ ਸਾਲ ਦੇ ਸ਼ੁਰੂ ਵਿੱਚ ਸੂਬੇ ਨੇ 'ਬੀ.ਸੀ. ਡੈਕਲਰੇਸ਼ਨ ਔਨ ਦ ਰਾਈਟਸ ਔਫ ਇੰਡੀਜਨਸ ਪੀਪਲਜ਼ ਐਕਟ' (B.C. Declaration on the Rights of Indigenous Peoples Act) ਦੇ ਅਨੁਸਾਰ ਮਹੱਤਵਪੂਰਨ ਖਣਿਜ ਖੇਤਰ ਦਾ ਵਿਸਤਾਰ

ਕਰਕੇ ਵਾਤਾਵਰਨ ਪੱਖੋਂ ਸਾਫ-ਸੁਥਰੀ ਆਰਥਿਕਤਾ ਬਣਾਉਣ ਲਈ ਇੱਕ ਨਵੀਂ ਮੇਡ-ਇਨ-ਬੀ.ਸੀ. (ਬੀ.ਸੀ. ਵਿੱਚ ਤਿਆਰ) ਕ੍ਰਿਟੀਕਲ ਮਿਨਰਲ ਕਾਰਜਨੀਤੀ (Critical Mineral Strategy) ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ ਸੀ। ਬੱਜਟ 2024 ਫਰਸਟ ਨੇਸ਼ਨਜ਼, ਉਦਯੋਗ, ਸਥਾਨਕ ਸਰਕਾਰਾਂ ਅਤੇ ਜਨਤਾ ਨਾਲ ਸਹਿਯੋਗ ਲਈ $24 ਮਿਲੀਅਨ ਦੇ ਨਾਲ ਇਸ ਕੰਮ ਦੀ ਨੀਂਹ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਮਾਈਨਿੰਗ ਲਈ ਪਰਮਿਟ ਲੈਣ ਦੀ ਪ੍ਰਕਿਰਿਆ ਲਈ ਲੋੜੀਂਦੇ ਸਰੋਤਾਂ ਨੂੰ ਯਕੀਨੀ ਬਣਾਉਂਦਾ ਹੈ।

## ਸਮਾਵੇਸ਼ੀ ਆਰਥਿਕਤਾ ਨੂੰ ਮਜ਼ਬੂਤ ਕਰਨਾ

ਬੱਜਟ 2024 ਫਰਸਟ ਨੇਸ਼ਨਜ਼ ਲਈ ਇਕੁਈਟੀ ਫਾਈਨੈਂਸਿੰਗ ਮੌਕਿਆਂ ਦਾ ਸਮਰਥਨ ਕਰਨ ਵਿੱਚ ਮਦਦ ਕਰਨ ਲਈ ਸਮਰੱਥ ਸਾਧਨਾਂ ਦੀ ਸਥਾਪਨਾ ਕਰਦਾ ਹੈ। ਇਸ ਵਿੱਚ ਇੱਕ ਨਵੇਂ ਫਰਸਟ ਨੇਸ਼ਨਜ਼ ਇਕੁਈਟੀ ਫ਼ਾਇਨੈਂਸਿੰਗ (First Nations Equity Financing) ਢਾਂਚੇ ਰਾਹੀਂ ਸੂਬਾਈ ਇਕੁਈਟੀ ਲੋਨ ਗਰੰਟੀਆਂ ਸ਼ਾਮਲ ਹਨ। ਇਹ ਢਾਂਚਾ ਫਰਸਟ ਨੇਸ਼ਨਜ਼ ਨੂੰ ਕਈ ਸੈਕਟਰਾਂ ਵਿੱਚ ਮਹੱਤਵਪੂਰਨ ਪ੍ਰੋਜੈਕਟਾਂ ਵਿੱਚ ਭਾਗੀਦਾਰ ਬਣਨ ਵਿੱਚ ਮਦਦ ਕਰੇਗਾ। ਜਿਵੇਂ ਇਹ ਢਾਂਚਾ ਫਰਸਟ ਨੇਸ਼ਨਜ਼ ਨਾਲ ਸਲਾਹ-ਮਸ਼ਵਰੇ ਅਤੇ ਸਹਿਯੋਗ ਦੁਆਰਾ ਰੂਪ ਲੈਂਦਾ ਹੈ, ਬੀ.ਸੀ. ਸਰਕਾਰ ਬੀ.ਸੀ. ਦੇ ਵਪਾਰਕ ਲੀਡਰਾਂ ਨੂੰ ਵੀ ਇਸ ਬਾਰੇ ਸੂਚਿਤ ਕਰੇਗੀ। ਇਹ ਇੱਕ ਹੋਰ ਤਰੀਕਾ ਹੈ ਜਿਸ ਦੁਆਰਾ ਸਰਕਾਰ ਇੱਕ ਬਿਹਤਰ, ਵਧੇਰੇ ਬਰਾਬਰੀ ਵਾਲਾ ਭਵਿੱਖ ਬਣਾ ਰਹੀ ਹੈ, ਜਿੱਥੇ ਫਰਸਟ ਨੇਸ਼ਨਜ਼ ਆਪਣੇ ਖੇਤਰਾਂ ਵਿੱਚ ਚੱਲ ਰਹੇ ਵੱਡੇ ਪ੍ਰੋਜੈਕਟਾਂ ਦੇ ਲਾਭਾਂ ਤੋਂ ਫਾਇਦਾ ਲੈ ਸਕਦੇ ਹਨ।

ਗਿਆਰਾਂ ਫਰਸਟ ਨੇਸ਼ਨਜ਼ ਕਮਿਊਨਿਟੀਆਂ, ਜੋ ਮੁੱਢਲੀ ਪਹੁੰਚ ਲਈ ਪੰਜ ਫ਼ੌਰੈਸਟ ਸਰਵਿਸ ਸੜਕਾਂ 'ਤੇ ਨਿਰਭਰ ਹਨ, ਬੱਜਟ 2024 ਵਿੱਚ ਰੱਖ-ਰਖਾਅ ਲਈ ਫੰਡਾਂ ਵਿੱਚ ਲਗਭਗ $24 ਮਿਲੀਅਨ ਦੇ ਨਾਲ ਸੁਰੱਖਿਆ ਵਿੱਚ ਸੁਧਾਰ ਦੇਖਣਗੀਆਂ।

## ਸਵੈ-ਨਿਰਣੇ ਦਾ ਸਮਰਥਨ ਕਰਨਾ

ਸੂਬਾ 'ਮੌਡਰਨ ਟ੍ਰੀਟੀ ਨੇਸ਼ਨਜ਼' (Modern Treaty Nations) ਦੇ ਨਾਲ ਅਜਿਹੇ ਉਪਾਵਾਂ ਨੂੰ ਸਹਿ-ਵਿਕਸਤ ਕਰਨ ਲਈ ਸਾਂਝੇਦਾਰੀ ਕਰ ਰਿਹਾ ਹੈ ਜੋ ਸਵੈ-ਨਿਰਣੈ ਦਾ ਬਿਹਤਰ ਸਮਰਥਨ ਕਰਦੇ ਹਨ। ਸਹਿਯੋਗ ਵਿੱਚ ਕੀਤੇ ਇਸ ਕੰਮ ਦੇ ਨਤੀਜੇ ਵਜੋਂ, , ਬੱਜਟ 2024 ਮੌਡਰਨ ਟ੍ਰੀਟੀ ਨੇਸ਼ਨਜ਼ ਦੀ ਕੋਰ ਗਵਰਨੈਂਸ ਜ਼ਮੀਨਾਂ 'ਤੇ ਮੁਲਾਂਕਣ ਅਤੇ ਜਾਇਦਾਦ ਟੈਕਸ ਲਗਾਉਣ ਲਈ ਇੱਕ ਨਵੀਂ ਪਹੁੰਚ ਪੇਸ਼ ਕਰਦਾ ਹੈ ਜੋ ਨਿਸਗਾ ਜ਼ਮੀਨਾਂ ਅਤੇ ਟ੍ਰੀਟੀ ਜ਼ਮੀਨਾਂ 'ਤੇ ਜ਼ਿਆਦਾਤਰ ਜਾਇਦਾਦ ਸਬੰਧੀ ਵਿਸ਼ੇਸ਼ ਫੈਸਲਿਆਂ ਨੂੰ ਮੌਡਰਨ ਟ੍ਰੀਟੀ ਨੇਸ਼ਨਜ਼ ਦੇ ਲੋਕਾਂ ਦੇ ਹੱਥ ਵਿੱਚ ਦਿੰਦਾ ਹੈ; ਤਾਂ ਜੋ ਉਹ ਆਪਣੀ ਪਹੁੰਚ ਆਪਣੇ ਵਿਲੱਖਣ ਹਾਲਾਤਾਂ ਮੁਤਾਬਕ ਬਣਾ ਸਕਣ।

## ਮਹੱਤਵਪੂਰਨ ਆਵਾਜਾਈ ਨੈਟਵਰਕ ਅਤੇ ਕਮਿਊਨਿਟੀ ਬੁਨਿਆਦੀ ਢਾਂਚਾ

ਸੂਬਾ ਅਗਲੇ ਤਿੰਨ ਸਾਲਾਂ ਵਿੱਚ ਲੋਕਾਂ ਅਤੇ ਮਾਲ ਦੀ ਢੋਆ-ਢੁਆਈ ਦੇ ਚੱਲਦੇ ਰਹਿਣ ਲਈ ਆਵਾਜਾਈ ਅਤੇ ਆਵਾਜਾਈ ਦੇ ਬੁਨਿਆਦੀ ਢਾਂਚੇ ਨੂੰ ਉਪਲਬਧ ਕਰਵਾਉਣ 'ਤੇ $15.5 ਬਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।

ਜਾਰੀ ਤਰਜੀਹੀ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ:

- ਫਰੇਜ਼ਰ ਵੈਲੀ ਅਤੇ ਕੈਮਲੂਪਸ ਤੋਂ ਐਲਬਰਟਾ ਸਰਹੱਦ ਤੱਕ ਹਾਈਵੇਅ 1 ਪ੍ਰੋਜੈਕਟ; ਫਰੇਜ਼ਰ ਰਿਵਰ ਟਨਲ ਪ੍ਰੋਜੈਕਟ ਅਤੇ ਪੈਟੂਲੋ ਬ੍ਰਿਜ ਵਰਗੇ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ; ਅਤੇ ਟ੍ਰਾਂਜ਼ਿਟ ਪ੍ਰੋਜੈਕਟ ਜਿਵੇਂ ਕਿ ਬ੍ਰੌਡਵੇਅ ਸਬਵੇਅ ਅਤੇ ਸਰੀ-ਲੈਂਗਲੀ ਸਕਾਇਟ੍ਰੇਨ।
- ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦਾ ਵਿਸਤਾਰ ਕਰਨ ਅਤੇ ਟ੍ਰੈਫਿਕ ਦੀ ਭੀੜ ਨੂੰ ਘਟਾਉਣ ਲਈ ਸੂਬੇ ਦੀ ਆਵਾਜਾਈ ਪ੍ਰਣਾਲੀ ਦੀ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ, ਅਤੇ ਬੀ.ਸੀ. ਵਿੱਚ ਲੋਕਾਂ ਲਈ ਭਰੋਸੇਯੋਗ, ਸੁਰੱਖਿਅਤ ਅਤੇ

ਕਿਫ਼ਾਇਤੀ ਸੇਵਾਵਾਂ ਵਿੱਚ ਮਦਦ ਕਰਨ ਲਈ, ਬੀ ਸੀ ਟ੍ਰਾਂਜ਼ਿਟ (BC Transit) ਲਈ $248 ਮਿਲੀਅਨ।

ਆਰਥਿਕ ਵਾਧੇ ਅਤੇ ਵਿਕਾਸ ਨੂੰ ਸਹਿਯੋਗ ਦੇਣ ਲਈ, ਪੰਜ ਸਾਲਾਂ ਦੌਰਾਨ, $250 ਮਿਲੀਅਨ, 21 ਸਥਾਨਕ ਸਰਕਾਰਾਂ ਦਾ ਸਮਰਥਨ ਕਰੇਗਾ ਜੋ 'ਨੌਰਥਵੈਸਟ ਬੀ ਸੀ ਰਿਸੋਰਸ ਬੈਨਿਫ਼ਿਟਸ ਅਲਾਇੰਸ' (Northwest BC Resource Benefits Alliance) ਦਾ ਹਿੱਸਾ ਹਨ। ਇਹ ਭਾਈਚਾਰੇ ਮੁੱਖ ਤੌਰ 'ਤੇ ਪੇਂਡੂ, ਦੂਰ-ਦੁਰਾਡੇ, ਅਤੇ ਛੋਟੀ ਅਬਾਦੀ ਵਾਲੇ ਹਨ ਪਰ ਨਵੇਂ ਉਦਯੋਗ ਅਤੇ ਕਾਮਿਆਂ ਦੇ ਰੂਪ ਵਿੱਚ ਸਹਿਯੋਗ ਲਈ ਇਹਨਾਂ 'ਤੇ ਨਿਰਭਰ ਕੀਤਾ ਜਾਂਦਾ ਹੈ। ਫੰਡਿੰਗ ਮਿਊਂਨੀਸਿਪਲ ਬੁਨਿਆਦੀ ਢਾਂਚੇ ਜਿਵੇਂ ਕਿ ਸੜਕਾਂ, ਪਾਣੀ, ਸੀਵਰੇਜ ਅਤੇ ਹੋਰ ਭਾਈਚਾਰਕ ਫੈਸਿਲਿਟੀਆਂ ਦੀ ਯੋਜਨਾਬੰਦੀ ਅਤੇ ਉਸਾਰੀ ਵਿੱਚ ਮਦਦ ਕਰੇਗੀ ਜੋ ਉਹਨਾਂ ਦੇ ਵੱਧ ਰਹੇ ਕਾਰਜਬਲ ਲਈ ਰਹਿਣ-ਯੋਗ ਭਾਈਚਾਰਿਆਂ ਨੂੰ ਬਣਾਉਣ ਲਈ ਲੋੜੀਂਦੀਆਂ ਹਨ।

## ਫਿਊਚਰ ਰੈਡੀ

ਬੱਜਟ 2024 ਸੂਬੇ ਦੇ 'ਸਟ੍ਰੌਂਗਰ ਬੀ ਸੀ: ਫਿਊਚਰ ਰੈਡੀ ਐਕਸ਼ਨ ਪਲਾਨ' (StrongerBC: Future Ready Action Plan) ਹੇਠ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਲਈ $228 ਦੇ ਰਿਹਾ ਹੈ। 2023 ਵਿੱਚ ਸ਼ੁਰੂ ਕੀਤੀ ਗਈ ਇਹ ਯੋਜਨਾ ਹਜ਼ਾਰਾਂ ਲੋਕਾਂ ਨੂੰ ਬਦਲਦੀ ਆਰਥਿਕਤਾ ਵਿੱਚ ਸਫਲ ਹੋਣ ਲਈ ਲੋੜੀਂਦੇ ਹੁਨਰਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਰਹੀ ਹੈ ਅਤੇ ਬਹੁਤ ਸਾਰੇ ਕਾਰੋਬਾਰ ਜੋ 'ਸਕਿਲਜ਼ ਗੈਪ' (ਰੁਜ਼ਗਾਰ ਦੇਣ ਵਾਲੇ ਆਪਣੇ ਕਰਮਚਾਰੀਆਂ ਵਿੱਚ ਜਿਨ੍ਹਾਂ ਹੁਨਰਾਂ ਦੀ ਮੰਗ ਕਰਦੇ ਹਨ, ਅਤੇ ਨੌਕਰੀ ਲੱਭਣ ਵਾਲਿਆਂ ਕੋਲ ਹੋਣ ਵਾਲੇ ਹੁਨਰਾਂ ਵਿਚਕਾਰ ਫਾਸਲਾ) ਦਾ ਸਾਹਮਣਾ ਕਰ ਰਹੇ ਹਨ, ਉਸ ਕਮੀ ਨੂੰ ਪੂਰਾ ਕਰਨ ਵਿੱਚ ਮਦਦ ਕਰ ਰਹੀ ਹੈ। ਇਸ ਪਲਾਨ ਤੋਂ ਸਾਰੇ ਸੂਬੇ ਵਿੱਚ ਵਿਦਿਆਰਥੀ, ਕਰਮਚਾਰੀ, ਕਾਰੋਬਾਰ ਅਤੇ ਰੁਜ਼ਗਾਰ ਦੇਣ ਵਾਲੇ ਲੋਕ ਫਾਇਦਾ ਉਠਾ ਰਹੇ ਹਨ।

## ਵਧੇਰੇ ਮਜ਼ਬੂਤ ਬੀ ਸੀ ਦਾ ਨਿਰਮਾਣ ਕਰਨਾ

ਸਕੂਲਾਂ, ਪੋਸਟ-ਸੈਕੰਡਰੀ ਫੈਸਿਲਿਟੀਆਂ, ਰਿਹਾਇਸ਼ਾਂ, ਸਿਹਤ-ਸੰਭਾਲ ਫੈਸਿਲਿਟੀਆਂ, ਟ੍ਰਾਂਸਪੋਰਟੇਸ਼ਨ ਪ੍ਰੋਜੈਕਟਾਂ, ਜਿਸ ਵਿੱਚ ਹਾਈਵੇਅ ਸੁਧਾਰ, ਜ਼ਮੀਨ ਖਿਸਕਣ ਦੀ ਸਫਾਈ ਅਤੇ ਰੋਕਥਾਮ ਅਤੇ ਪੁਲਾਂ ਦੀ ਮੁਰੰਮਤ ਸ਼ਾਮਲ ਹੈ, ਸਮੇਤ ਸੂਬਾਈ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਅਤੇ ਵਿਸਤਾਰ ਕਰਨ ਲਈ ਵਿੱਤੀ ਯੋਜਨਾ 'ਤੇ ਟੈਕਸ ਅਦਾ ਕਰਨ ਵਾਲਿਆਂ ਦੁਆਰਾ ਸਮਰਥਿਤ ਪੂੰਜੀ ਖਰਚ ਲਗਭਗ $43.3 ਬਿਲੀਅਨ ਹੋਣ ਦਾ ਅਨੁਮਾਨ ਹੈ। ਸੂਬੇ ਦੀ ਕੈਪੀਟਲ ਯੋਜਨਾ ਅਤੇ ਇਨ੍ਹਾਂ ਪ੍ਰੋਜੈਕਟਾਂ ਰਾਹੀਂ ਅਗਲੇ ਤਿੰਨ ਸਾਲਾਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ 185,000 ਨੌਕਰੀਆਂ ਪੈਦਾ ਹੋਣਗੀਆਂ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724

ਨਿਊਜ਼ ਰਿਲੀਜ਼

# ਪਿੱਠਭੂਮੀ

**ਵਿੱਤੀ ਯੋਜਨਾ 2024-25 – 2026-27**

ਬੱਜਟ 2024 ਨਵੇਂ ਤਰਜੀਹੀ ਉਪਾਵਾਂ ਨੂੰ ਸਹਿਯੋਗ ਦੇਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਵਿੱਤੀ ਯੋਜਨਾ ਵਿੱਚ ਓਪਰੇਟਿੰਗ ਫੰਡਿੰਗ ਵਿੱਚ $13 ਬਿਲੀਅਨ ਦਾ ਹੋਰ ਨਿਵੇਸ਼ ਕਰ ਰਿਹਾ ਹੈ ਕਿ ਬੀ.ਸੀ. ਦੀ ਵਧਦੀ ਗਿਣਤੀ ਅਤੇ ਵਧਦੀ ਉਮਰ ਵਾਲੀ ਅਬਾਦੀ ਲਈ ਸੇਵਾਵਾਂ ਜਾਰੀ ਰਹਿਣ।

## ਬੱਜਟ ਆਉਟਲੁੱਕ (ਆਉਣ ਵਾਲੇ ਸਮੇਂ ਵਿੱਚ ਖਰਚੇ ਦਾ ਅਨੁਮਾਨਿਤ ਬਿਓਰਾ)

ਅਜਿਹੀ ਆਰਥਿਕਤਾ ਜਿਸ ਵਿੱਚ ਵਿਕਾਸ ਦੀ ਰਫ਼ਤਾਰ ਘੱਟ ਰਹੀ ਹੈ ਅਤੇ ਜ਼ਰੂਰਤਾਂ ਵੱਧ ਰਹੀਆਂ ਹਨ, ਬੱਜਟ 2024 ਦੀ ਤਿੰਨ-ਸਾਲਾ ਵਿੱਤੀ ਯੋਜਨਾ ਵਿੱਚ $7.9 ਬਿਲੀਅਨ ਦਾ ਘਾਟਾ ਸ਼ਾਮਲ ਹੈ, ਜੋ 2026-27 ਤੱਕ ਘਟ ਕੇ $6.3 ਬਿਲੀਅਨ ਰਹਿ ਜਾਵੇਗਾ।

ਬੱਜਟ ਅਤੇ ਵਿੱਤੀ ਯੋਜਨਾ, 2024-25 ਵਿੱਚ $3.9 ਬਿਲੀਅਨ, 2025-26 ਵਿੱਚ $3 ਬਿਲੀਅਨ ਅਤੇ 2026-27 ਵਿੱਚ $3.7 ਬਿਲੀਅਨ ਦੇ ਨਾਲ ਐਮਰਜੈਂਸੀ ਲਾਗਤਾਂ ਅਤੇ ਭਵਿੱਖ ਦੀਆਂ ਤਰਜੀਹਾਂ ਅਤੇ ਕੇਸਲੋਡ ਦਬਾਅ ਲਈ ਅਨਿਸ਼ਚਿਤ ਖਰਚਿਆਂ ਵਾਸਤੇ ਮਹੱਤਵਪੂਰਨ ਸਹਿਯੋਗ ਪ੍ਰਦਾਨ ਕਰਦੇ ਹਨ।

## ਆਉਣ ਵਾਲੇ ਸਮੇਂ ਵਿੱਚ ਆਰਥਕਤਾ ਦਾ ਅਨੁਮਾਨਿਤ ਬਿਓਰਾ

2023 ਵਿੱਚ, ਬੀ.ਸੀ. ਦੀ ਆਰਥਿਕਤਾ ਨੇ ਮਾਮੂਲੀ ਵਿਕਾਸ ਦਰ ਦਰਜ ਕੀਤੀ, ਅਤੇ ਕਈ ਕਾਰਨਾਂ ਕਰਕੇ ਮੱਧਮ ਰਹੀ - ਉੱਚ ਵਿਆਜ ਦਰ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਰਥਿਕਤਾ ਦੀ ਗਤੀਵਿਧੀ ਦਾ ਧੀਮੇ ਰਹਿਣਾ, ਅਤੇ ਜਿਓਪੋਲਿਟਿਕਲ (ਭੂ-ਰਾਜਨੀਤਿਕ) ਅਤੇ ਜਲਵਾਯੂ ਸਬੰਧਤ ਰੁਕਾਵਟਾਂ। ਹੋਰ ਅਧਿਕਾਰ ਖੇਤਰਾਂ ਦੀ ਤਰ੍ਹਾਂ, 2024 ਵਿੱਚ ਵੀ ਦਰਮਿਆਨੇ ਵਿਕਾਸ ਦੀ ਉਮੀਦ ਹੈ, ਜਿਸ ਵਿੱਚ ਅਸਲ GDP ਦੇ 0.8% ਵਧਣ ਦਾ ਅਨੁਮਾਨ ਹੈ। ਆਰਥਿਕ ਵਿਕਾਸ ਦਰ 2025 ਵਿੱਚ ਵਧ ਕੇ 2.3% ਹੋਣ ਦੀ ਉਮੀਦ ਹੈ, ਜਿਸ ਨੂੰ ਸਥਿਰ ਰੁਜ਼ਗਾਰ ਅਤੇ ਤਨਖਾਹਾਂ ਵਿੱਚ ਵਾਧੇ, ਖਪਤਕਾਰਾਂ ਦੇ ਖਰਚਿਆਂ ਵਿੱਚ ਲਾਭ, ਠੋਸ ਨਿਵੇਸ਼ ਗਤੀਵਿਧੀਆਂ ਅਤੇ ਉੱਚ ਨਿਰਯਾਤ ਦਾ ਸਮਰਥਨ ਮਿਲੇਗਾ, ਜਿਦਾਂ ਜਿਦਾਂ ਗਲੋਬਲ ਅਰਥਵਿਵਸਥਾਵਾਂ ਮੰਦੀ ਤੋਂ ਉਭਰਣਗੀਆਂ। 2026 ਤੋਂ 2028 ਦੇ ਸਮੇਂ ਦੌਰਾਨ, ਅਸਲ GDP ਵਾਧਾ ਸਲਾਨਾ 2.3% ਅਤੇ 2.4% ਦੇ ਵਿਚਕਾਰ ਹੋਣ ਦੀ ਉਮੀਦ ਹੈ।

ਬੱਜਟ 2024 ਵਿੱਚ ਅਸਲ GDP ਵਿਕਾਸ ਅਨੁਮਾਨ ਸੁਤੰਤਰ 'ਇਕੋਨੌਮਿਕ ਫੋਰਕਾਸਟ ਕਾਊਂਸਿਲ' (Economic Forecast Council) ਦੇ 13 ਮੈਂਬਰਾਂ ਦੁਆਰਾ ਪ੍ਰਦਾਨ ਕੀਤੇ ਗਏ ਅਨੁਮਾਨਾਂ ਦੀ ਸੀਮਾ ਦੇ ਅੰਦਰ ਹਨ।

## ਆਉਣ ਵਾਲੇ ਸਮੇਂ ਵਿੱਚ ਆਮਦਨੀ ਦਾ ਅਨੁਮਾਨਿਤ ਬਿਓਰਾ

ਸਾਲ 2024-25 'ਚ ਸਰਕਾਰ ਦੀ ਕੁੱਲ ਆਮਦਨੀ $81.5 ਬਿਲੀਅਨ, 2025-26 'ਚ $82.8 ਬਿਲੀਅਨ ਅਤੇ 2026-27 'ਚ $86.4 ਬਿਲੀਅਨ ਹੋਣ ਦਾ ਅਨੁਮਾਨ ਹੈ। ਆਮਦਨੀ ਵਿੱਚ ਵਾਧਾ ਅਬਾਦੀ ਦੇ ਵਾਧੇ ਦੇ ਨਾਲ-ਨਾਲ ਆਰਥਿਕ ਵਿਕਾਸ ਅਤੇ ਕੁਦਰਤੀ ਸਰੋਤ ਖੇਤਰ ਤੋਂ ਵੱਧ ਆਮਦਨੀ ਦੇ ਕਾਰਨ ਵਧ ਰਹੀ ਟੈਕਸ ਆਮਦਨੀ ਕਾਰਨ ਹੈ।

**ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਅਨੁਮਾਨਿਤ ਖਰਚਿਆਂ ਦਾ ਬਿਓਰਾ**

ਤਿੰਨ-ਸਾਲਾ ਵਿੱਤੀ ਯੋਜਨਾ ਦੌਰਾਨ ਖਰਚੇ 2024-25 ਵਿੱਚ $89.4 ਬਿਲੀਅਨ, 2025-26 ਵਿੱਚ $90.6 ਬਿਲੀਅਨ ਅਤੇ 2026-27 'ਚ $92.7 ਬਿਲੀਅਨ ਰਹਿਣ ਦਾ ਅਨੁਮਾਨ ਹੈ। ਨਿਵੇਸ਼ ਉਨ੍ਹਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਸਹਿਯੋਗ ਦੇਣ ਵਿੱਚ ਮਦਦ ਕਰਨਗੇ ਜਿਨ੍ਹਾਂ 'ਤੇ ਲੋਕ ਨਿਰਭਰ ਹਨ ਅਤੇ ਇਸ ਵਿੱਚ ਸਿਹਤ ਸੰਭਾਲ, ਮਾਨਸਿਕ ਸਿਹਤ, ਰਿਹਾਇਸ਼ਾਂ, ਐਮਰਜੈਂਸੀ ਤਿਆਰੀ ਅਤੇ ਪ੍ਰਤੀਕਿਰਿਆ, ਜਨਤਕ ਸੁਰੱਖਿਆ, ਖਰਚਿਆਂ ਵਿੱਚ ਲੋਕਾਂ ਦੀ ਮਦਦ ਕਰਨਾ ਅਤੇ ਹੋਰ ਮਜ਼ਬੂਤ, ਵਾਤਾਵਰਨ ਪੱਖੋਂ ਸਾਫ-ਸੁਥਰੀ ਆਰਥਿਕਤਾ, ਜੋ ਲੋਕਾਂ ਲਈ ਬਿਹਤਰ ਕੰਮ ਕਰੇ, ਬਣਾਉਣਾ ਸ਼ਾਮਲ ਹੈ।

**ਕਰਜ਼ਾ ਬਰਦਾਸ਼ਤ ਕਰਨ ਦੀ ਹੱਦ**

ਬੀ.ਸੀ. ਦੇ ਟੈਕਸ ਅਦਾ ਕਰਨ ਵਾਲਿਆਂ ਦੁਆਰਾ ਸਮਰਥਤ ਕਰਜ਼ਾ 2023-24 ਦੇ ਅੰਤ ਤੱਕ $71.9 ਬਿਲੀਅਨ ਹੋਣ ਦਾ ਅਨੁਮਾਨ ਹੈ, ਜੋ ਬੱਜਟ 2023 ਦੇ ਅਨੁਮਾਨ ਨਾਲੋਂ ਲਗਭਗ $3.8 ਬਿਲੀਅਨ ਘੱਟ ਹੈ। ਸੂਬੇ ਦੁਆਰਾ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ, ਪੁਲਾਂ, ਆਵਾਜਾਈ ਅਤੇ ਰਿਹਾਇਸ਼ਾਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਣ ਨਾਲ ਕੁੱਲ ਸੂਬਾਈ ਕਰਜ਼ ਵਿੱਤੀ ਯੋਜਨਾ ਦੌਰਾਨ ਵਧਣ ਦੀ ਉਮੀਦ ਹੈ।

ਕ੍ਰੈਡਿਟ ਰੇਟਿੰਗ ਏਜੰਸੀਆਂ ਦੁਆਰਾ ਵਰਤੇ ਜਾਣ ਵਾਲੇ 'ਟੈਕਸ ਅਦਾ ਕਰਨ ਵਾਲਿਆਂ ਦੁਆਰਾ ਸਮਰਥਤ ਕਰਜ਼ਾ ਤੋਂ GDP ਅਨੁਪਾਤ' ਦਾ ਅਨੁਮਾਨ 2024-25 ਵਿੱਚ 21.0%, 2025-26 ਵਿੱਚ 24.8% ਅਤੇ 2026-27 ਵਿੱਚ 27.5% ਹੈ। ਬੀ.ਸੀ. ਦਾ ਕਰਜ਼ੇ ਤੋਂ GDP ਅਨੁਪਾਤ ਓਨਟੈਰੀਓ ਅਤੇ ਕਿਊਬੈਕ ਸਮੇਤ ਜ਼ਿਆਦਾਤਰ ਸੂਬਿਆਂ ਤੋਂ ਹੇਠਾਂ ਹੈ। ਉੱਚ ਵਿਆਜ ਦਰਾਂ ਦੇ ਬਾਵਜੂਦ, ਬੀ.ਸੀ. ਦੀ ਕਰਜ਼ਾ ਸੇਵਾ ਲਾਗਤ ਇਤਿਹਾਸਕ ਤੌਰ 'ਤੇ ਅਤੇ ਹੋਰ ਅਧਿਕਾਰ ਖੇਤਰਾਂ ਦੇ ਮੁਕਾਬਲੇ ਹੇਠਲੇ ਪੱਧਰ 'ਤੇ ਬਰਕਰਾਰ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 213-7724